Presented to the Library,

GURU GOBIND SINGH

THE EMBODIMENT OF THE HIGHEST SPIRITS

# ਚੜ੍ਹਦੀ-ਕਲਾ ਦੇ ਪੁੰਜ

## ਗੁਰੂ ਗੋਬਿੰਦ ਸਿੰਘ

ਡਾ. ਹਰਨਾਮ ਸਿੰਘ ਸ਼ਾਨ

ਐਮ. ਏ., ਪੀ-ਐਚ. ਡੀ. (ਲੰਡਨ)

P
294.55361

Pb
294.553 61
H 229 G

ਯੂਨੀਵਰਸਿਟੀ, ਚੰਡੀਗੜ੍ਹ

੧੯੬੭

**INDIAN INSTITUTE OF ADVANCED STUDY SIMLA**

WITH EVERY GOOD WISH OF THE AUTHOR
ON HIS FIRST VISIT TO THE
INDIAN INSTITUTE OF ADVANCED STUDIES
SIMLA

GURU GOBIND SINGH

THE EMBODIMENT OF THE HIGHEST SPIRITS

Harnam Singh Shan
SIMLA – 22.6.1967

# ਚੜ੍ਹਦੀ-ਕਲਾ ਦੇ ਪੁੰਜ

## ਗੁਰੂ ਗੋਬਿੰਦ ਸਿੰਘ


ਡਾ. ਹਰਨਾਮ ਸਿੰਘ ਸ਼ਾਨ
ਐਮ. ਏ., ਪੀ-ਐਚ. ਡੀ. (ਲੰਡਨ)



ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
੧੯੬੭



CATALOGUED

DATA ENTERED

Library IIAS, Shimla
P 294.553 61 H 229 G
00019318

# GURU GOBIND SINGH
## THE EMBODIMENT OF THE HIGHEST SPIRITS

by
Dr. Harnam Singh Shan
M. A. (Eng. & Pbi.), Ph. D. (London)
Hons. in Persian & Panjabi, F.R.A.S.
PANJAB UNIVERSITY, CHANDIGARH

ਜਨਵਰੀ, ੧੯੬੭
ਪਹਿਲੀ ਵਾਰ

INDIAN INSTITUTE OF ADVANCED STUDY
Acc. No. 19318
Date 3.2.67
SIMLA

ਸਭ ਹਕ ਲੇਖਕ ਦੇ ਰਾਖਵੇਂ ਹਨ

294.553 61
H229G

*Published by the Panjab University, Chandigarh, on the auspicious occasion of the 300th birth-day (18th January, 1967) of*
SRI GURU GOBIND SINGH

ਸੁਰਗਵਾਸੀ
ਸਰਦਾਰ ਸਰਬਨ ਸਿੰਘ
ਤੇ
ਸਰਦਾਰਨੀ ਤੇਜ ਕੌਰ
ਨੂੰ
ਜਿਨ੍ਹਾਂ ਨੇ ਮੈਨੂੰ
ਗੁਰੂ ਗੋਬਿੰਦ ਸਿੰਘ ਜੀ
ਦੇ ਬਖ਼ਸ਼ੇ
ਨਾਂ, ਰੂਪ ਤੇ ਸਪਿਰਿਟ
ਦੀ ਗੁੜ੍ਹਤੀ ਦਿੱਤੀ

— ਹਰਨਾਮ ਸਿਘ ਸ਼ਾਨ

# ਮੁਖ–ਬੰਧ

ਅਜਕਲ ਸਾਰਾ ਦੇਸ਼ ਰਾਸ਼ਟ੍ਰ-ਪਿਤਾ, ਗੁਰੂ ਗੋਬਿੰਦ ਸਿੰਘ ਜੀ, ਦੀ ਆ ਰਹੀ ਤਿੰਨ-ਸੌਵੀਂ ਵਰ੍ਹੇਗੰਢ ਮਨਾਉਣ ਅਤੇ ਉਨ੍ਹਾਂ ਨੂੰ ਆਪਣੀ ਸ਼ਰਧਾਂਜਲੀ ਭੇਟ ਕਰਨ ਲਈ ਤਿਆਰੀਆਂ ਕਰ ਰਿਹਾ ਹੈ । ਇਸੇ ਸੰਬੰਧ, ਉਨ੍ਹਾਂ ਦੀ ਅਦੁੱਤੀ ਤੇ ਮਹਾਨ ਸ਼ਖ਼ਸੀਅਤ, ਅਤੇ ਅਨੁਪਮ ਤੇ ਬੇਮਿਸਾਲ ਬਖ਼ਸ਼ਿਸ਼ਾਂ ਬਾਰੇ ਚੋਖਾ ਕੁਝ ਲਿਖਿਆ ਤੇ ਛਾਪਿਆ ਜਾ ਰਿਹਾ ਹੈ । ਪੰਜਾਬ ਯੂਨੀਵਰਸਿਟੀ ਨੇ ਵੀ ਇਸ ਸੁਭਾਗੇ ਅਵਸਰ ਲਈ ਜੋ ਜਤਨ ਆਰੰਭੇ ਹੋਏ ਹਨ, ਇਸ ਪੁਸਤਕ ਦੀ ਛਪਵਾਈ ਉਨ੍ਹਾਂ ਦਾ ਹੀ ਇਕ ਹਿੱਸਾ ਹੈ ।

ਇਹ ਪੁਸਤਕ ਗੁਰੂ ਗੋਬਿੰਦ ਸਿੰਘ ਜੀ ਦੀ ਬਹੁ-ਪੱਖੀ ਸ਼ਖ਼ਸੀਅਤ ਦੇ ਇਕ ਅਮਰ, ਅਨੂਪਮ ਤੇ ਸਭ-ਤੋਂ-ਵਿਸ਼ੇਸ਼ ਪੱਖ ਨੂੰ ਵਿਆਖਣ ਤੇ ਚਾਨਿਆਉਣ ਲਈ, ਇਸ ਇਤਿਹਾਸਕ ਅਵਸਰ ਲਈ, ਉਚੇਚੀ ਲਿਖੀ ਗਈ ਹੈ । ਇਸ ਦੇ ਵਿਦਵਾਨ ਲੇਖਕ ਨੇ ਗੁਰੂਦੇਵ ਨੂੰ "ਚੜ੍ਹਦੀ-ਕਲਾ ਦੇ ਪੁੰਜ" (The embodiment of the highest spirits) ਮੰਨ ਕੇ, ਉਨ੍ਹਾਂ ਦੀ ਇਸ ਵਿੱਲਖਣ ਸਪਿਰਿਟ ਨੂੰ ਵਖ ਵਖ ਸਥਿੱਤੀਆਂ ਵਿਚ ਵਿਚਰਦਿਆਂ ਤੇ ਜੂਝਦਿਆਂ; ਸਭ ਓਕੜਾਂ ਖਿੜੇ-ਮੱਥੇ ਸਹਿੰਦਿਆਂ ਤੇ ਅਖ਼ੀਰ ਸਦੀਵੀ ਵਿਜੈ ਪ੍ਰਾਪਤ ਕਰਦਿਆਂ, ਦਸਿਆ ਹੈ । ਇਹ ਉਹੀ ਸਪਿਰਿਟ ਹੈ ਜੋ ਇਸ ਦਸਵੀਂ ਨਾਨਕ-ਜੋਤਿ ਨੇ ਉਸ ਬਿਖੜੇ ਸਮੇਂ, ਆਪਣੇ ਦੇਸ਼-ਵਾਸੀਆਂ ਨੂੰ ਵੀ ਬਖ਼ਸ਼ੀ, ਅਤੇ ਇਸੇ ਰਾਹੀਂ ਸੁੱਤੀ ਹੋਈ ਕੌਮ ਨੂੰ ਜਗਾ ਕੇ, ਉਸ ਨੂੰ ਨਿਆਂ, ਧਰਮ ਤੇ ਸੁਤੰਤਰਤਾ ਲਈ ਜੂਝਣ ਲਈ ਤਿਆਰ ਕਰ ਦਿੱਤਾ ਸੀ । ਇਸੇ ਦੀ ਸਹਾਇਤਾ ਨਾਲ, ਉਨ੍ਹਾਂ ਨੇ ਹਿੰਦੁਸਤਾਨ ਦੇ ਸਦੀਆਂ ਤੋਂ ਗ਼ੁਲਾਮ ਦੀਨਾਂ, ਨੀਚਾਂ ਤੇ ਨਿਰਧਨਾਂ ਨੂੰ ਆਪਣੀ ਰੱਖਿਆ ਤੇ ਸਹਾਇਤਾ ਲਈ, ਅਸਮਾਨਾਂ ਅਤੇ ਧਰਮ-ਸਮਾਜ ਦੇ ਠੇਕੇਦਾਰਾਂ ਵਲ ਹੀ ਝਾਕਦੇ ਰਹਿਣ ਦੀ ਥਾਂ, ਆਪਣੀ 'ਕਿਸਮਤ' ਆਪੇ ਬਣਾਉਣ ਦੀ ਜਾਚ ਸਿਖਾਈ; ਆਪਣੇ ਦੁੱਖ-ਦਲਿੱਦਰ ਆਪੇ ਦੂਰ ਕਰਨ ਲਈ ਵੰਗਾਰਿਆ ਅਤੇ ਨੀਚਾਂ ਨੂੰ ਊਚ ਤੇ ਨਿਤਾਣਿਆ ਨੂੰ ਸਤਾਣਾ ਕਰ ਵਿਖਾਇਆ । ਉਨ੍ਹਾਂ ਨੇ ਇਸੇ ਦੁਆਰਾ ਉਨ੍ਹਾਂ ਵਿਚ ਭਗਤੀ-ਤੇ-ਸ਼ਕਤੀ ਦੀ ਰੂਹ ਫੂਕ ਕੇ, ਉਨ੍ਹਾਂ ਨੂੰ ਸ੍ਵੈ-ਮਾਣ ਤੇ ਸ੍ਵੈ-ਵਿਸ਼ਵਾਸ਼ ਦੀ 'ਜਾਗ' ਲਾ ਕੇ, ਉਨ੍ਹਾਂ ਨੂੰ ਜਥੇਬੰਦ ਤੇ ਹਥਿਆਰਬੰਦ ਕਰ ਕੇ, ਦੂਤਾਂ ਤੇ ਦੁਸ਼ਟਾਂ ਨਾਲ ਜੂਝਣ ਲਈ ਉਤੇਜਿਤ ਕਰ ਦਿੱਤਾ । ਗੁਰੂ ਗੋਬਿਦ ਸਿੰਘ ਨੇ ਇਸੇ ਇਨਕਲਾਬੀ ਸਪਿਰਿਟ ਤੇ ਪਰੋਗਰਾਮ ਸਦਕੇ, ਲੋਕ-ਦਿਲਾਂ ਨੂੰ ਅਜਿਹਾ ਹਲੂਣਿਆ ਤੇ ਉਭਾਰਿਆ,

ਉਨਾਂ ਉਤੇ 'ਚੜ੍ਹਦੀ-ਕਲਾ' ਦੀ ਅਜਿਹੀ ਪਾਣ ਚੜ੍ਹਾਈ ਕਿ ਉਨ੍ਹਾਂ ਦੇ ਅਮਰ ਸੰਦੇਸ਼ ਤੋਂ ਪਰੇਰਨਾ ਲੈਣ ਵਾਲੇ, ਉਨ੍ਹਾਂ ਦੇ ਆਦੇਸ਼ਾਂ ਨੂੰ ਕਬੂਲਣ ਵਾਲੇ ਅਜੇ ਤਕ ਕਿਸੇ ਵੀ ਸੰਕਟ ਸਮੇਂ ਡੋਲਦੇ ਜਾਂ ਘਾਬਰਦੇ ਨਹੀਂ; ਅਤੇ ਆਪਣੇ ਦੇਸ਼, ਕੌਮ ਤੇ ਮਨੁੱਖ-ਜਾਤੀ ਦੀ ਨਿਸ਼ਕਾਮ ਸੇਵਾ ਲਈ ਸਦਾ ਤਤਪਰ ਰਹਿੰਦੇ ਹਨ । ਇਹ ਪੁਸਤਕ ਉਨ੍ਹਾਂ ਦੀ ਅਜਿਹੀ ਅਪੂਰਬ ਤੇ ਚਮਤਕਾਰੀ ਸਪਿਰਿਟ; ਅਤੇ ਕਰਾਂਤੀਕਾਰੀਤੇ ਕਲਿਆਣਕਾਰੀ ਦੇਣ ਉਤੇ ਹੀ ਇਕ ਭਰਵੀਂ ਝਾਤ ਪੁਆਉਣ ਦਾ ਪਹਿਲਾ ਅਜਿਹਾ ਜਤਨ ਹੈ ।

ਇਸ ਦੇ ਲੇਖਕ, ਡਾ. ਹਰਨਾਮ ਸਿੰਘ ਸ਼ਾਨ, ਆਪਣੀ ਖੋਜ-ਪ੍ਰਤਿਭਾ, ਜਗਿਆਸੂ-ਜੀਵਨ ਅਤੇ ਲਿਖਤਾਂ-ਲੈਕਚਰਾਂ ਰਾਹੀਂ ਦੇਸ-ਪਰਦੇਸ ਵਿਚ ਇੰਨੇ ਪਰਿਚਿਤ ਤੇ ਪ੍ਰਸਿੱਧ ਹਨ, ਕਿ ਉਨ੍ਹਾਂ ਬਾਰੇ ਇਥੇ ਕੋਈ ਰਸਮੀ ਜਾਣ-ਪਛਾਣ ਕਰਾਉਣ ਦੀ ਲੋੜ ਨਹੀਂ । ਉਨ੍ਹਾਂ ਦੇ ਵਿਸ਼ਾਲ ਅਧਿਐਨ, ਵਿਗਿਆਨਕ ਦ੍ਰਿਸ਼ਟੀ, ਅੱਥਕ ਮਿਹਨਤ, ਅਟੁੱਟ ਲਗਨ, ਜ਼ੋਰਦਾਰ ਬੋਲੀ ਅਤੇ ਸੁਚੱਜੇ ਤੇ ਉਭਾਰਵੇਂ ਲਿਖਣ-ਢੰਗ ਨੇ ਇਹਨੂੰ ਇਸ ਸੁਭਾਗੇ ਤੇ ਇਤਿਹਾਸਕ ਪੁਰਬ ਲਈ ਇਕ ਸੁੰਦਰ ਤੇ ਸਾਂਭਣਯੋਗ ਸੁਗਾਤ ਬਣਾ ਦਿੱਤਾ ਹੈ ।

ਅਜ ਜਦ ਕਿ ਦੁਨੀਆਂ ਨੂੰ ਆਮ ਕਰਕੇ ਤੇ ਸਾਡੇ ਦੇਸ਼ ਨੂੰ ਖ਼ਾਸ ਕਰਕੇ, ਗੁਰੂ ਗੋਬਿੰਦ ਸਿੰਘ ਦੇ ਚਾਨਣ ਤੇ ਅਗਵਾਈ ਦੀ ਲੋੜ ਵਿਸ਼ੇਸ਼ ਤੌਰ ਤੇ ਪ੍ਰਤੀਤ ਹੋ ਰਹੀ ਹੈ, ਤਾਂ ਉਨ੍ਹਾਂ ਦੀ ਚੜ੍ਹਦੀ-ਕਲਾ ਦੇ ਸਿਧਾਂਤ ਤੇ ਸਪਿਰਿਟ ਨੂੰ ਵਿਆਖਣ ਅਤੇ ਦ੍ਰਿੜ੍ਹ ਕਰਾਉਣ ਦੀ ਲੋੜ ਵੀ ਦਿਨੋਂ-ਦਿਨ ਵਧ ਰਹੀ ਹੈ । ਡਾ. ਹਰਨਾਮ ਸਿੰਘ ਸ਼ਾਨ ਦੀ ਇਹ ਪੁਸਤਕ ਜਿਥੇ ਸਾਨੂੰ ਆਪਣਾ ਫ਼ਰਜ਼ ਚੇਤੇ ਕਰਾਉਂਦੀ ਹੈ, ਉਥੇ ਉਸ ਦੀ ਅਦਾਇਗੀ ਲਈ ਪਰੇਰਦੀ, ਉਭਾਰਦੀ ਤੇ ਉਮਾਹੁਦੀ ਵੀ ਹੈ ।

ਸਾਡਾ ਨਿਸ਼ਚਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ 'ਚੜ੍ਹਦੀ-ਕਲਾ' ਮਨੁੱਖ-ਜਾਤੀ ਨੂੰ ਸਦਾ ਰੁਸ਼ਨਾਉਂਦੀ ਤੇ ਉਤਸ਼ਾਹੁੰਦੀ ਰਹੇਗੀ । ਜੇ ਇਹ ਪੁਸਤਕ ਉਸ ਸੇਧ ਵਲ ਧਿਆਨ ਦੁਆਉਣ ਤੇ ਉਹਦੀ ਸੋਝੀ ਕਰਾਉਣ ਵਿਚ ਕੋਈ ਹਿੱਸਾ ਪਾਉਂਦੀ ਰਹੇਗੀ ਤਾਂ ਅਸੀਂ ਆਪਣੀ ਤੇ ਇਸ ਦੇ ਲੇਖਕ ਦੀ ਘਾਲ ਥਾਇਂ ਪਈ ਸਮਝਾਂਗੇ ।

ਡੀਪਾਰਟਮੈਂਟ ਆਫ਼ ਹਿਸਟਰੀ,
ਪੰਜਾਬ ਯੂਨੀਵਰਸਿਟੀ,
ਚੰਡੀਗੜ੍ਹ,
੧੪ ਜਨਵਰੀ, ੧੯੬੭.

ਆਰ. ਆਰ. ਸੇਠੀ, ਡਾ.
ਅਧਿਅਕਸ਼, ਇਤਿਹਾਸ ਵਿਭਾਗ, ਤੇ
ਸਕੱਤ੍ਰ, ਸ੍ਰੀ ਗੁਰੂ ਗੋਬਿੰਦ ਸਿੰਘ ਟ੍ਰੈਸੈਂਟੀਨਰੀ ਕਮੇਟੀ,
ਪੰਜਾਬ ਯੂਨੀਵਰਸਿਟੀ. ਚੰਡੀਗੜ੍ਹ ।

ਚੜ੍ਹਦੀ

ਕਲਾ

ਦੇ

ਪੁੰਜ

# Guru Gobind Singh
# The Embodiment of The Highest Spirits

## ਚੜ੍ਹਦੀ-ਕਲਾ ਦੇ ਪੁੰਜ

ਗੁਰੂ ਗੋਬਿੰਦ ਸਿੰਘ ਚੜ੍ਹਦੀ-ਕਲਾ ਦੇ ਪੁੰਜ ਸਨ। ਉਹ ਸ੍ਵੈ-ਮਾਨ, ਸ੍ਵੈ-ਵਿਸ਼ਵਾਸ਼ ਤੇ ਸ੍ਵੈ-ਤਿਆਗ ਦੇ ਮੁਜੱਸਮ ਸਨ। ਉਨ੍ਹਾਂ ਦਾ ਸਾਰਾ ਜੀਵਨ ਤੇ ਉਸ ਦੀ ਹਰ ਕਿਰਿਆ (activity) ਚੜ੍ਹਦੀ-ਕਲਾ ਦਾ ਸਾਕਾਰ-ਰੂਪ ਸੀ।

ਉਹ ਜਿਥੇ ਸ਼ਾਂਤੀ ਤੇ ਸਚਾਈ, ਅਤੇ ਨੇਕੀ ਤੇ ਭਗਤੀ ਦੀ ਸਾਖਿਆਤ-ਮੂਰਤ ਸਨ; ਉਥੇ ਅਣਖ ਤੇ ਸ਼ਕਤੀ ਦੇ ਸੋਮੇ, ਕਥਨੀ ਤੇ ਕਰਨੀ ਦੇ ਸੂਰੇ ਅਤੇ ਕਲਮ ਤੇ ਤਲਵਾਰ ਦੇ ਧਨੀ ਵੀ ਸਨ। "ਦੇਗ਼-ਤੇਗ਼-ਫ਼ਤਹ" ਉਨ੍ਹਾਂ ਦਾ ਨਾਅਰਾ ਅਤੇ "ਸਤਿ-ਸ੍ਰੀ-ਅਕਾਲ" ਜੈਕਾਰਾ ਸੀ। ਹੱਥ ਉਤੇ ਬਾਜ਼ ਅਤੇ ਸਿਰ ਉਤੇ ਕਲਗੀ ਸਜਾਉਣ ਕਰਕੇ ਕੋਈ ਉਨ੍ਹਾਂ ਨੂੰ "ਬਾਜ਼ਾਂ ਵਾਲੇ" ਤੇ ਕੋਈ "ਕਲਗੀਆਂ-ਵਾਲੇ" ਗੁਰੂ ਆਖਣ ਵਿਚ ਮਾਣ ਮਹਿਸੂਸ ਕਰਦਾ ਹੈ। ਪਰ ਮੈ ਤਾਂ ਉਨ੍ਹਾਂ ਦੀ ਅਜਿਹੀ ਅਨੂਠੀ ਤੇ ਅੱਦੁਤੀ ਸ਼ਖ਼ਸੀਅਤ, ਬਹੁਪੱਖੀ ਤੇ ਕਲਾਧਾਰੀ ਪ੍ਰਤਿਭਾ, ਅਤੇ ਨਰੋਈ ਤੇ ਨਿਰਭੈ ਸਪਿਰਿਟ ਨੂੰ ਮੁਖ ਰਖਦਿਆਂ, ਉਨ੍ਹਾਂ ਨੂੰ "ਚੜ੍ਹਦੀ-ਕਲਾ-ਵਾਲੇ ਗੁਰੂ" ਕਹਿਣ ਵਿਚ ਹੀ ਉਨ੍ਹਾਂ ਦੀ ਉੱਮਤ ਤੇ ਸਮੁੱਚੀ ਮਨੁੱਖਤਾ ਦਾ ਮਾਣ ਸਮਝਦਾ ਹਾਂ।

ਮਨੁੱਖੀ ਜਾਮੇ ਵਿਚ ਕੁਦਰਤ ਦੀਆਂ ਜਿੰਨੀਆਂ ਅਪੂਰਬ ਤੇ ਭਰਪੂਰ ਬਖ਼ਸ਼ਸ਼ਾਂ ਉਨ੍ਹਾਂ ਨੂੰ ਪ੍ਰਾਪਤ ਹੋਈਆਂ, ਉੱਨੀਆਂ ਤੇ ਉਜਿਹੀਆਂ ਸ਼ਾਇਦ ਹੀ ਕਿਸੇ ਹੋਰ ਨੂੰ ਨਸੀਬ ਹੋਈਆਂ ਹੋਣ। ਤੇ ਫਿਰ ਜਿਸ ਸਿਆਣਪ, ਬੇਗਰਜ਼ੀ ਤੇ ਖੁਲ੍ਹ-ਦਿਲੀ ਨਾਲ ਉਨ੍ਹਾਂ ਨੇ ਇਨ੍ਹਾਂ ਨੂੰ ਵੰਡਿਆ ਤੇ ਵਰਤਿਆ, ਉਸ ਦਾ ਸੁਭਾਗ ਵੀ, ਮੇਰੀ ਜਾਚੇ, ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੋਇਆ ਹੋਵੇਗਾ!

ਇਉਂ ਹੀ, ਸੰਖੇਪ ਜਿਹੀ ਜੀਵਨ-ਯਾਤਰਾ ਦੇ ਦੌਰਾਨ, ਜਿੰਨੀਆਂ ਮੁਸ਼ਕਲਾਂ ਤੇ ਮੁਸੀਬਤਾਂ ਉਨ੍ਹਾਂ ਨੇ ਵੇਖੀਆਂ, ਉੱਨੀਆਂ ਤੇ ਉਜਿਹੀਆਂ ਸ਼ਾਇਦ ਹੀ ਕਿਸੇ ਹੋਰ ਦੇ ਹਿੱਸੇ ਆਈਆਂ ਹੋਣ। ਤੇ ਫਿਰ ਜਿਸ ਸਬਰ ਤੇ ਬਹਾਦਰੀ ਨਾਲ ਉਨ੍ਹਾਂ ਨੇ ਇਨ੍ਹਾਂ ਨਾਲ ਭਰਵੀਂ ਟੱਕਰ ਲਈ ਅਤੇ ਜਿੱਤ ਪ੍ਰਾਪਤ ਕੀਤੀ, ਉਸ ਦਾ ਉੱਨਾ ਤੇ ਉਜਿਹਾ ਮਾਣ ਵੀ ਦੁਨੀਆਂ ਵਿਚ ਸ਼ਾਇਦ ਹੀ ਕਿਸੇ ਹੋਰ ਨੂੰ ਨਸੀਬ ਹੋਇਆ ਹੋਵੇ!!

# ੨

ਗੁਰੂ ਗੋਬਿਦ ਸਿਘ ਦਾ ਜਨਮ ੧੬੬੬ ਵਿਚ ਉਦੋਂ ਹੋਇਆ ਜਦੋਂ ਉਨ੍ਹਾਂ ਦੀ ਪੂਜਯ ਜਨਨੀ, ਮਾਤਾ ਗੁਜਰੀ, ਆਪਣੇ ਘਰ-ਪਰਵਾਰ, ਆਨੰਦਪੁਰ, ਤੋਂ ਸੈਂਕੜੇ ਮੀਲ ਦੂਰ ਪਟਨੇ ਬਰਾਜੇ ਹੋਏ ਸਨ; ਅਤੇ ਉਨ੍ਹਾਂ ਦੇ ਪਾਵਨ ਪਿਤਾ, ਗੁਰੂ ਤੇਗ਼ ਬਹਾਦਰ, ਉਨ੍ਹਾਂ ਤੋਂ ਵੀ ਸੈਂਕੜੇ ਮੀਲ ਪਰੇ, ਪੂਰਬੀ ਹਿੰਦ ਦੀ ਪਰਚਾਰ-ਫੇਰੀ ਦੇ ਸੰਬੰਧ, ਆਸਾਮ ਵਿਚ ਵਿਚਰ ਰਹੇ ਸਨ। ਸਮੇਂ ਦੇ ਇਕ ਪ੍ਰਸਿੱਧ ਪੀਰ, ਸਯਦ ਭੀਖਣ ਸ਼ਾਹ, ਤਾਂ ਇਸ "ਬਾਲ-ਬ੍ਰਹਮ" ਦੇ ਦਰਸ਼ਨਾਂ ਲਈ ਸੱਦੇ-ਪਤੇ ਬਿਨਾਂ ਹੀ, ਪੰਜਾਬੋਂ ਤੁਰ ਪਟਨੇ ਪਹੁੰਚ ਗਏ, ਪਰ ਉਨ੍ਹਾਂ ਦੇ ਆਪਣੇ ਪਿਤਾ ਆਪਣੀ ਉਮਰ ਦੇ ਛੇਤਾਲੀਵੇਂ ਵਰ੍ਹੇ ਵਿਚ ਜੰਮੇ* ਇਸ ਇਕਲੌਤੇ ਤੇ ਸਹਿਕ-ਸਹਿਕੀਵੇਂ ਬੱਚੇ ਨੂੰ ਆਪਣਾ ਪਿਆਰ ਤੇ ਦੀਦਾਰ ਦੇਣ ਲਈ ਵੀ ਪਹੁੰਚ ਨਾ ਸਕੇ !

ਪੁੱਤਰ ਨੂੰ ਪਿਤਾ ਦਾ ਮੂੰਹ ਮਸਾਂ ਕਿਤੇ ਪੰਜ ਵਰ੍ਹਿਆਂ ਬਾਅਦ, ੧੬੭੧ ਵਿਚ, ਹੀ ਵੇਖਣਾ ਨਸੀਬ ਹੋਇਆ। ਤੇ ਉਹ ਵੀ ਬੜੇ ਥੋੜ੍ਹੇ ਚਿਰ ਲਈ, ਕਿਉਂਕਿ ਉਨ੍ਹਾਂ ਆਪ ਦਸਿਆ ਹੈ:

ਜਬ ਹਮ ਧਰਮ ਕਰਮ ਮੋ ਆਏ;
ਦੇਵਲੋਕ ਤਬ ਪਿਤਾ ਸਿਧਾਏ।

[ਬਚਿੱਤ੍ਰ ਨਾਟਕ, ੭/੩

ਮਾਪਿਆਂ ਦੀ ਪਵਿੱਤਰ ਧਰਤੀ ਉਤੇ ਪੈਰ ਧਰਦਿਆਂ ਹੀ, ਸਮੇਂ ਦੀ ਪੁਕਾਰ ਨੇ ਬਾਲ-ਵਰ੍ਹੇਸ ਵਿਚ ਵਿਚਰਦੇ ਪੁਤ ਨੂੰ ਆਪਣੇ ਪਿਤਾ ਦੀ ਬਲੀ ਦੇਣ ਲਈ ਵੰਗਾਰਿਆ। ਇਹ ਉਹ ਸਮਾਂ ਸੀ ਜਦੋਂ ਮੁਗ਼ਲਈ ਤੁਅੱਸਬ ਤੇ ਔਰੰਗਜ਼ੇਬੀ ਜਬਰ ਹਿੰਦੂ ਧਰਮ ਤੇ ਭਾਰਤੀ ਸਭਿਅਤਾ ਨੂੰ "ਹਲਾਲ" ਕਰ ਰਿਹਾ ਸੀ। ਉਸ ਘੋਰ ਸੰਕਟ ਸਮੇਂ, ਧਰਮ-ਕਰਮ ਦੀ ਰੱਖਿਆ ਲਈ ਤਰਲੇ ਲੈਂਦੇ ਅਤੇ ਕੋਈ ਟੇਕ-ਤਕੀਆ ਟੋਲਦੇ ਬ੍ਰਾਹਮਣ-ਆਗੂਆਂ ਨੇ ਅਖ਼ੀਰ ਗੁਰੂ ਤੇਗ਼ ਬਹਾਦਰ ਦੀ ਸ਼ਰਨ ਆ ਲਈ। ਸ਼ਾਇਦ ਉਹ ਜਾਣ ਗਏ ਸਨ ਕਿ ਉਹ ਤਾਂ —

ਬਾਂਹ ਜਿਨ੍ਹਾਂ ਦੀ ਪਕੜੀਐ,
ਸਿਰ ਦੀਜੈ ਬਾਂਹ ਨਾ ਛੋੜੀਐ।

---

*ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ੧੭੨੩ ਬਿ. (ਮੁਤਾਬਕ ੧੬੬੬ ਈ.) ਨੂੰ ਹੋਇਆ। ਗੁਰੂ ਤੇਗ਼ ਬਹਾਦਰ ਸਾਹਿਬ ਦਾ ਜਨਮ ਸੰਮਤ ੧੬੭੮ (ਮੁਤਾਬਕ ੧੬੨੧ ਈ.) ਵਿਚ ਹੋਇਆ ਦਸਿਆ ਜਾਂਦਾ ਹੈ। ਇਸ ਹਿਸਾਬ, ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਵੇਲੇ ਆਪ ਆਪਣੀ ਉਮਰ ਦੇ ਛੇਤਾਲੀਵੇਂ ਵਰ੍ਹੇ ਵਿਚ ਵਿਚਰ ਰਹੇ ਸਨ।

ਗੁਰੂ ਤੇਗ਼ ਬਹਾਦਰ ਬੋਲਿਆ,
ਸੱਚਾ ਹਿੰਦ ਕੀ ਚਾਦਰ ਬੋਲਿਆ ;
ਧਰ ਪਈਐ ਧਰਮ ਨ ਛੋੜੀਐ ।

[ਚਾਂਦ ਭਟ

ਦੁੱਖਾਂ-ਦਰਦਾਂ ਦੀ ਕਹਾਣੀ ਸੁਣ, ਪੀੜਿਤ ਤੇ ਚਿੰਤਾਤੁਰ ਹੋਏ ਪਿਤਾ ਨੇ ਆਪਣੇ ਲਾਡਲੇ ਦੀ ਉਤਸੁਕ ਪੁੱਛ ਦਾ ਜੁਆਬ ਦੇਂਦਿਆਂ ਆਖਿਆ :

"ਬੇਟਾ ! ਭਾਰਤੀ ਸਭਿਅਤਾ ਤੇ ਸਭਿਆਚਾਰ,
ਧਰਮ ਤੇ ਕਰਮ, ਨਿਆਂ ਤੇ
ਨੇਕੀ ਖ਼ਤਰੇ ਵਿਚ ਹਨ ।"
"ਇਹ ਬਚਾਏ ਕਿਵੇਂ ਜਾ ਸਕਦੇ ਹਨ,
ਗੁਰੂਦੇਵ ?"
"ਇਹੋ ਤਾਂ ਸੋਚ ਰਹੇ ਹਾਂ ।"
"ਤੇ ਫਿਰ ਕੀ ਸੋਚਿਆ ਜੇ ?"
"ਧਰਮ-ਕਰਮ ਦੀ ਆਜ਼ਾਦੀ,
ਸਭਿਅਤਾ-ਸਭਿਆਚਾਰ ਦੀ ਕਾਇਮੀ,
ਤੇ ਕੌਮੀ ਅਣਖ ਦੀ ਬਰਕਰਾਰੀ
ਇਕ ਪਵਿੱਤਰ ਆਤਮਾ
ਦੀ ਬਲੀ ਮੰਗਦੀ ਹੈ—
ਇਕ ਅਜਿਹੇ ਮਹਾਂਪੁਰਖ ਦੀ, ਜੋ ਮੁਗ਼ਲ ਸ਼ਹਿਨਸ਼ਾਹ
ਨੂੰ ਦਿੱਲੀ ਜਾ ਮਿਲੇ ; ਅਤੇ ਜਾਂ ਤਾਂ
ਉਹਨੂੰ ਆਪਣੀ ਤੁਅੱਸਬੀ ਨੀਤੀ
ਬਦਲਣ ਲਈ ਪਰੇਰ ਲਵੇ, ਜਾਂ ਫਿਰ
ਆਪਣਾ ਆਪ ਨਿਛਾਵਰ ਕਰ ਦੇਵੇ ।"

ਨੌਂ-ਵਰ੍ਹਿਆਂ ਦੇ ਬਾਲ-ਗੋਬਿੰਦ ਨੇ ਆਖ਼ਰਾਂ ਦੇ ਹੱਠ ਤੇ ਚੜ੍ਹਦੀ-ਕਲਾ ਦਾ ਸਬੂਤ ਦੇਂਦਿਆਂ, ਨਿੱਝਕ ਆਖਿਆ :

"ਗੁਰੂਦੇਵ ! ਇਸ ਵੇਲੇ, ਅਜਿਹੇ
ਸੰਕਟ ਸਮੇਂ, ਤੁਹਾਥੋਂ ਵਡੇਰਾ ਅਜਿਹਾ
ਪੁਰਖ ਹੋਰ ਕੌਣ ਹੈ ? ਜੇ
ਇਸ ਸਮੱਸਿਆ ਦਾ ਹਲ ਇਹੋ ਹੈ,
ਜੇ ਇਹ ਖ਼ਤਰਾ ਇਉਂ ਹੀ ਟਾਲਿਆ
ਜਾ ਸਕਦਾ ਹੈ, ਜੇ ਦੇਸ਼-ਧਰਮ ਦੀ

ਆਜ਼ਾਦੀ ਤੁਹਾਡੀ ਕੁਰਬਾਨੀ ਨਾਲ
ਬਰਕਰਾਰ ਰਹਿ ਸਕਦੀ ਹੈ, ਤਾਂ
ਫਿਰ............................ ।"

ਜਿਸ ਮਹਾਨ ਪਿਤਾ, ਜਿਸ ਮਹਾਨ ਦੇਸ਼-ਭਗਤ ਨੂੰ ਹਿੰਦੁਸਤਾਨ ਦੀ ਬੇਬਸੀ ਤੇ ਢਹਿੰਦੀ-ਕਲਾ ਵੇਖ ਕੇ ਕਦੇ ਇਹ ਅਹਿਸਾਸ ਹੋਇਆ ਸੀ :

ਬਲੁ ਛੁਟਕਿਓ ਬੰਧਨ ਪਰੇ,
ਕਛੂ ਨ ਹੋਤ ਉਪਾਇ ।

[ਸਲੋਕ ਮਹਲਾ ੯—੫੩

ਉਨ੍ਹਾਂ ਨੂੰ ਆਪਣੇ ਹੋਣਹਾਰ ਬੱਚੇ ਦੇ ਮੂੰਹੋਂ ਅਜਿਹੇ ਨਿਰਭੈ ਤੇ ਉਭਾਰੂ ਵਾਕ ਸੁਣਦਿਆਂ ਹੀ, ਦੇਸ਼ ਦੀ ਕਿਸਮਤ ਬਦਲਦੀ ਤੇ ਚੜ੍ਹਦੀ-ਕਲਾ ਧਾਰਦੀ ਨਜ਼ਰ ਆ ਗਈ । ਤਦੇ ਤਾਂ ਉਨ੍ਹਾਂ ਹਿੱਕ ਫੁਲਾ ਕੇ ਆਖਿਆ : "ਹੁਣ ਡਰ ਕਾਹਦਾ ; ਹੁਣ ਮਾਯੂਸੀ ਕਾਹਨੂੰ ? ਹੁਣ ਤਾਂ

ਬਲੁ ਹੋਆ ਬੰਧਨ ਛੁਟੇ ;
ਸਭ ਕਿਛੁ ਹੋਤ ਉਪਾਇ" ।*

[ਸਲੋਕ ਮਹਲਾ ੯—੫੪

ਬਸ ਫਿਰ ਕਿਹੜੀ ਸੋਚ, ਫਿਰ ਕਾਹਦੀ ਢਿਲ ਸੀ ? ਮਨੁੱਖਤਾ ਦੇ ਇਤਿਹਾਸ ਵਿਚ ਸ਼ਾਇਦ ਪਹਿਲੀ ਵਾਰ "ਮਕਤੂਲ" ਆਪ ਆਪਣੇ 'ਕਾਤਲ' ਵਲ 'ਕਤਲ' ਹੋਣ ਲਈ ਤੁਰ ਪਿਆ । ਤੇ ਤੁਰਦਾ ਵੀ ਕਿਉਂ ਨਾ ਜਦ ਕਿ

جب سے پتہ چلا ہے—مرنے میں زندگی ہے
سر پر کفن کو اوڑھ کر—قاتل کو ڈھونڈتے ہیں

[ਜਬ ਸੇ ਪਤਾ ਚਲਾ ਹੈ, ਮਰਨੇ ਮੇਂ ਜ਼ਿੰਦਗੀ ਹੈ,
ਸਰ ਪਰ ਕਫ਼ਨ ਕੋ ਓੜ੍ਹ ਕਰ, ਕਾਤਲ ਕੋ ਢੂੰਢਤੇ ਹੈਂ ।]

ਤੇ ਤੁਰਿਆ ਵੀ ਕਿਸੇ ਨਿੱਜੀ ਜਾਂ ਖ਼ਾਨਦਾਨੀ ਹਿੱਤ ਲਈ ਨਹੀਂ ; ਆਪਣੇ ਸਿੱਖਾਂ ਜਾਂ ਸ਼ਰਧਾਲੂਆਂ ਦੇ ਸੁਆਰਥ ਲਈ ਨਹੀਂ । ਉਹ ਤਾਂ ਸਮੁੱਚੇ ਹਿੰਦ ਦੀ ਰਾਖੀ ਤੇ ਧਰਮ-ਕਰਮ ਦੀ ਆਜ਼ਾਦੀ ਲਈ, ਬੜੀ ਦਲੇਰੀ ਤੇ ਦ੍ਰਿੜ੍ਹਤਾ ਨਾਲ, ਸਿਰ ਤਲੀ ਉਤੇ ਰਖ ਕੇ ਤੁਰ ਪਏ । ਉਨ੍ਹਾਂ ਨੂੰ ਇਸ ਗੱਲ ਦਾ ਨਿਸ਼ਚਾ ਹੋ ਗਿਆ ਸੀ ਕਿ ਜੇ ਉਹ ਦਿੱਲੀ

---

*ਇਸ ਦੋਹਰੇ ਦੀ ਰਚਨਾ ਸੰਬੰਧੀ ਮੈਂ ਆਮ ਰਵਾਇਤ ਨਾਲ ਸਹਿਮਤ ਨਹੀਂ । ਇਸ ਨੂੰ ਵਿਆਖਣ ਲਈ ਦੇਸ-ਪ੍ਰਦੇਸ ਤੋਂ ਪ੍ਰਾਪਤ ਕੀਤੀ ਸਮਗਰੀ ਦੇ ਆਧਾਰ ਤੇ, ਮੈਂ ਇਕ ਵਖਰਾ ਲੇਖ ("ਦਸ਼ਮੇਸ਼ ਦਾ ਦੋਹਿਰਾ"?) ਲਿਖ ਰਿਹਾ ਹਾਂ ।

ਪਹੁੰਚ ਕੇ ਬਾਦਸ਼ਾਹ ਨੂੰ ਪਰੇਰ ਨਾ ਸਕੇ ਅਤੇ ਉਹਦੇ ਉਲਟ, ਜੇ ਉਸ ਦੇ ਜਬਰ ਦਾ ਸ਼ਿਕਾਰ ਹੋ ਗਏ ਤਾਂ ਬਾਲਕ-ਗੋਬਿੰਦ ਦੀ ਮੌਜੂਦਗੀ ਇਸ ਗੱਲ ਦੀ ਗਾਰੰਟੀ ਹੈ ਕਿ ਹਿੰਦੁਸਤਾਨ ਵਿਚ ਧਰਮ ਤੇ ਧਰਮੀਆਂ ਦੀ ਜੈ ਹੀ ਹੋਵੇਗੀ ਅਤੇ ਇਸ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਉਹਦੀ ਹਿੰਮਤ ਤੇ ਅਗਵਾਈ ਨਾਲ ਛੇਤੀ ਹੀ ਟੁੱਟ ਜਾਣਗੀਆਂ। ਤਦੇ ਤਾਂ ਉਨ੍ਹਾਂ ਬੜੇ ਮਾਣ ਨਾਲ ਆਖਿਆ ਸੀ :

ਨਾਮੁ ਰਹਿਓ, ਸਾਧੂ ਰਹਿਓ
ਰਹਿਓ ਗੁਰ ਗੋਬਿੰਦ ।

[ਸਲੋਕ ਮਹਲਾ ੯—੫੬

ਤੇ ਜੇ ਪਿਤਾ ਨੇ ਆਪਣੇ ਨਿੱਕੇ ਜਹੇ ਪੁੱਤਰ ਦੀ ਚੜ੍ਹਦੀ-ਕਲਾ ਬਾਰੇ ਅਜਿਹੇ ਭਵਿੱਖ-ਵਾਕ ਕਹਿ ਕੇ ਆਉਂਦੇ ਸਮੇਂ ਤੇ ਸਥਿੱਤੀ ਦੀ ਅਗਵਾਈ ਕੀਤੀ, ਤਾਂ ਪੁੱਤਰ ਨੇ ਉਨ੍ਹਾਂ ਦੇ ਹਿਰਦੇ-ਵੇਧਕ 'ਕਤਲ' ਨੂੰ ਕਲਜੁਗ ਦਾ ਇਕ ਭਾਰੀ ਤੇ ਬੇਮਿਸਾਲ ਕਾਰਨਾਮਾ ਮੰਨਦਿਆਂ, ਇਸ ਦੀ ਇਕ ਅਜਿਹੀ ਦਾਸਤਾਨ ਲਿਖੀ ਜੋ ਮਾਨਵ ਇਤਿਹਾਸ ਦੀ ਇਕ ਸੁਨਹਿਰੀ ਤੇ ਯਾਦਗਾਰੀ ਲਿਖਤ ਹੈ। ਇਹ ਕਿਸੇ ਅਨਾਥ ਬਾਲ ਦੀਆਂ ਦੁੱਖ-ਰੋਣੀਆਂ ਜਾਂ ਵਿਧਵਾ ਮਾਂ ਦੀਆਂ ਅਲਾਹੁਣੀਆਂ ਦਾ ਬਿਆਨ ਹੋਣ ਦੀ ਥਾਂ, ਇਕ "ਮਰਦ-ਅਗੰਮੜੇ" ਦੇ ਹੱਠ, ਸਿਦਕ, ਫ਼ਖ਼ਰ, ਦਲੇਰੀ ਤੇ ਚੜ੍ਹਦੀ-ਕਲਾ ਦਾ ਐਲਾਨ ਹੈ :

ਤਿਲਕ ਜੰਞੂ ਰਾਖਾ ਪ੍ਰਭ [1]ਤਾ ਕਾ,
ਕੀਨੋ ਬਡੋ ਕਲੂ ਮਹਿ ਸਾਕਾ ।
[2]ਸਾਧਨਿ ਹੇਤਿ, [3]ਇਤੀ ਜਿਨਿ ਕਰੀ,
ਸੀਸੁ ਦੀਆ, ਪਰ ਸੀ ਨ ਉਚਰੀ ।
ਧਰਮ ਹੇਤ ਸਾਕਾ ਜਿਨਿ ਕੀਆ,
ਸੀਸ ਦੀਆ ਪਰ [4]ਸਿਰਰੁ ਨਾ ਦੀਆ ।.....

[5]ਠੀਕਰਿ [6]ਫੋਰਿ ਦਿਲੀਸਿ ਸਿਰਿ,
ਪ੍ਰਭ ਪੁਰ ਕੀਯਾ ਪਯਾਨ;

---

[1]ਉਨ੍ਹਾਂ ਦਾ, ਅਰਥਾਤ ਕਸ਼ਮੀਰੀ ਪੰਡਿਤਾਂ ਤੇ ਹਿੰਦੂਆ ਦਾ।
[2]ਸੰਤਾਂ ਧਰਮੀਆਂ ਲਈ।
[3]ਹੱਦ।
[4]ਗੁਪਤ, ਭੇਦ, ਰਾਜ਼; ਪਰਤੱਗਿਆ ।
[5]ਠੀਕਰਾ (ਸਰੀਰ ਦਾ)।
[6]ਦਿੱਲੀ ਦੇ ਮਾਲਕ, ਅਰਥਾਤ ਔਰਗਜ਼ੇਬ ਬਾਦਸ਼ਾਹ ।

ਤੇਗ ਬਹਾਦਰ [1]ਸੀ ਕ੍ਰਿਆ,

ਕਰੀ ਨ ਕਿਨਹੂੰ [2]ਆਨ ।

[ਬਚਿੱਤ੍ਰ ਨਾਟਕ, ੫/੧੩-੧੪

ਇਹ "ਧਰਮ-ਹੇਤ ਸਾਕਾ" ੧੬੭੫ ਵਿਚ ਦਿੱਲੀ ਵਾਪਰਿਆ । ਮਗਰੋਂ ਤਾਂ ਭਾਵੇਂ ਇਹਨੇ ਸਦੀਆਂ ਤੋਂ ਠੰਢੇ ਪੈ ਚੁਕੇ ਖ਼ੂਨ ਨੂੰ ਗਰਮਾ ਦਿੱਤਾ ਅਤੇ ਇਕ ਅਜਿਹੀ ਅੰਨ੍ਹੇਰੀ ਲਿਆਂਦੀ ਜਿਸਨੇ ਮੁਗ਼ਲ ਰਾਜ ਦੀਆਂ ਜੜ੍ਹਾਂ ਤਕ ਉਖੇੜ ਦਿੱਤੀਆਂ । ਪਰ ਉਦੋਂ ਜਦੋਂ ਇਹ ਵਾਪਰਿਆ, ਹੋਰ ਤਾਂ ਹੋਰ, ਦਿੱਲੀ ਦੇ ਸਿੱਖ ਵੀ ਇੰਨੇ ਭੈਭੀਤ ਹੋ ਗਏ ਸਨ ਕਿ ਉਹ ਦੇਸ-ਧਰਮ ਦੀ ਦਰਵੱਟੜੀ ਤੋਂ ਆਪਣੇ ਆਪ ਨੂੰ ਇਉਂ ਘੋਲ-ਘੁਮਾਉਣ ਵਾਲੇ ਦੇ ਮਿਰਤਕ ਸਰੀਰ ਨੂੰ ਸੰਭਾਲਣਾ ਤੇ ਸਸਕਾਰਨਾ ਤਾਂ ਕਿਤੇ ਰਿਹਾ, ਉਨ੍ਹਾਂ ਦੇ ਨਾਮ-ਲੇਵਾ ਤਕ ਅਖਵਾਉਣ ਤੋਂ ਵੀ ਕੰਨੀ ਕਤਰਾ ਗਏ । ਚਾਰੇ ਪਾਸੇ ਦਹਿਸ਼ਤ ਫੈਲ ਗਈ ਸੀ ; ਇਕ ਮੁਰਦਿਹਾਣ ਜਹੀ ਛਾ ਗਈ ਸੀ ਜੋ ਕਾਫ਼ੀ ਹੱਦ ਤਕ ਸੁਭਾਵਕ ਵੀ ਸੀ । ਗੁਰੂਦੇਵ ਦੇ ਜੀਉਂਦੇ-ਜੀ, ਉਨ੍ਹਾਂ ਦੇ ਸਾਥੀਆਂ ਨੂੰ ਜਿਸ ਬੇਦਰਦੀ ਨਾਲ ਕਤਲ ਕੀਤਾ ਗਿਆ ; ਅਤੇ ਜੋ ਕੁਝ ਗੁਰੂ ਦੇ ਆਪਣੇ ਸਿਰ ਦਿਨ-ਦਿਹਾੜੇ, ਸਰੇ ਬਜ਼ਾਰ, ਚਾਂਦਨੀ ਚੌਕ ਵਿਚ ਬੀਤਿਆ, ਉਹਨੇ ਸਦੀਆਂ ਦੀ ਗ਼ੁਲਾਮੀ ਦੇ ਭਾਰ ਹੇਠ ਦਬੇ ਹੋਏ ਦੇਸ਼-ਵਾਸੀਆਂ ਨੂੰ ਠਠੰਬਰਾ ਦਿੱਤਾ ਸੀ ।

---

[1]ਵਰਗੀ ਕਰਨੀ ।
[2]ਹੋਰ ਕਿਸੇ ਨੇ ।

# ੩

ਐਨ ਅਜਿਹੇ ਬਿਖੜੇ, ਦੁਖਾਵੇਂ ਤੇ ਸਾਹ-ਸਤ-ਹੀਨ ਹਾਲਾਤ ਵਿਚ ਨੌਂ-ਵਰ੍ਹੇ ਦੇ ਬਾਲ-ਗੋਬਿੰਦ ਨੂੰ ਗੁਰੂ ਨਾਨਕ ਦੇਵ ਜੀ ਦੀ ਪਾਵਨ ਗੱਦੀ ਸੌਂਪੀ ਗਈ।

ਉਮਰ ਬਾਲਾਂ ਜਿੰਨੀ ਛੋਟੀ ਤੇ ਜ਼ਿਮੇਂਵਾਰੀ ਪਹਾੜਾਂ ਜਿਨੀ ਵਡੀ ਸੀ ! ਮੁਸੀਬਤਾਂ ਚਾਰੇ ਪਾਸੇ ਮੂੰਹ-ਅੱਡੀ ਖੜੀਆਂ ਸਨ ਅਤੇ ਮੁਸ਼ਕਲਾਂ ਸਾਰੇ ਰਾਹ ਘੇਰੀ ਬੈਠੀਆਂ ਸਨ।

ਸਿਰ ਪਿਓ ਨਹੀਂ, ਕੋਈ ਭੈਣ ਨਹੀਂ, ਭਰਾ ਨਹੀਂ। ਜਿਥੋਂ ਤਕ ਸ਼ਰੀਕੇ ਦਾ ਸੰਬੰਧ ਹੈ, ਉਹ ਤਾਂ ਪਹਿਲਾਂ ਹੀ ਖਾਣ ਨੂੰ ਪੈਂਦਾ ਸੀ। ਜਿਨ੍ਹਾਂ 'ਮੀਣਿਆਂ' ਤੇ 'ਧੀਰ-ਮਲੀਆਂ' ਨੇ ਸੁਰਗਵਾਸੀ ਪਿਤਾ ਦੀ ਗੁਰ-ਗੱਦੀ ਪ੍ਰਾਪਤੀ ਦੀ ਸੋਅ ਸੁਣਦਿਆਂ ਹੀ, ਉਨ੍ਹਾਂ ਨੂੰ ਰੱਜ ਕੇ ਨਿੰਦਿਆ ਤੇ ਭੰਡਿਆ ਸੀ; ਜਿਨ੍ਹਾਂ ਲੋਭੀਆਂ ਤੇ ਪਾਖੰਡੀਆਂ ਨੇ "ਬਾਬਾ ਬਕਾਲੇ" ਦੀ ਸੇਧ ਨੂੰ ਮੁਖ ਰਖਦਿਆਂ, ਉਨ੍ਹਾਂ ਦਾ ਹੱਕ ਮਾਰਨ ਲਈ, 'ਬਾਈ-ਮੰਜੀਆਂ' ਲਾ ਕੇ ਗੁਰੂ-ਡੰਮ ਦਾ ਮਕੜੀ-ਜਾਲ ਵੀ ਤਣ ਦਿੱਤਾ ਸੀ — ਉਹ ਹੁਣ ਉਨ੍ਹਾਂ ਦੇ ਨਿਆਣੇ ਤੇ ਇਕੱਲੇ ਬੱਚੇ ਦੇ ਗੁਰੂ ਬਣ ਜਾਣ ਨਾਲ, ਕਿੰਨੇ ਕੁ ਰਾਜ਼ੀ ਜਾਂ ਸੰਤੁਸ਼ਟ ਹੋਣੇ ਸਨ ! ਜਿਸ ਸ਼ਰੀਕੇ ਨੇ ਕੇਵਲ ਯਾਰ੍ਹਾਂ ਵਰ੍ਹੇ ਪਹਿਲਾਂ, ਮਸੰਦਾਂ ਨਾਲ ਰਲ ਕੇ, ਇਸ ਬਾਲ ਦੇ ਗੁਰੂ-ਪਿਤਾ ਉਤੇ ਹੱਲਾ ਕਰਵਾਇਆ, ਗੋਲੀ ਚਲਵਾਈ ਤੇ ਮਾਲ-ਮੱਤਾ ਵੀ ਲੁਟ-ਲੁਟਵਾ ਲਿਆ ਸੀ, ਉਹ ਹੁਣ ਉਨ੍ਹਾਂ ਦੇ ਚਲਾਣੇ ਪਿੱਛੋਂ, ਉਸ ਦੇ ਜਾਂ ਉਸ ਦੀ ਵਿਧਵਾ ਮਾਂ ਦੇ ਕਿੰਨੇ ਕੁ ਹਿਤੈਸ਼ੀ ਜਾਂ ਹਮਦਰਦ ਬਣ ਗਏ ਹੋਣਗੇ !! ਉਨ੍ਹਾਂ ਦਾ ਲੋਭ, ਈਰਖਾ ਤੇ ਬਦਲੇ-ਦੀ-ਅੱਗ ਇਸ 'ਨਿਆਣੇ ਤੇ ਅਨਾਥ ਬਾਲ' ਨੂੰ ਉਸ ਗੁਰ-ਗੱਦੀ ਦਾ ਜਿਸ ਨੂੰ ਕਿ ਉਹ ਆਪਣਾ ਖ਼ਾਨਦਾਨੀ ਹੱਕ ਸਮਝ ਰਹੇ ਸਨ, ਮਾਲਕ ਬਣਿਆ ਵੇਖ ਕੇ ਤਾਂ ਸਗੋਂ ਹੋਰ ਭੜਕੀ ਹੀ ਹੋਣੀ ਹੈ।

ਤੇ ਜੇ ਉਮਰ ਛੋਟੀ, ਸਮਾਂ ਬਿਖੜਾ, ਸਿੱਖੀ ਭੈਭੀਤ ਤੇ ਸ਼ਰੀਕਾ ਵਿਰੋਧੀ ਸੀ; ਤਾਂ ਸਮਾਜ ਕਿੰਨਾ ਕੁ ਸੁਖਾਵਾਂ, ਸੁਹਿਰਦ ਤੇ ਹਮਦਰਦ ਸੀ ! ਬੁੱਢ-ਪੁਰਾਣੇ ਬੰਧਨਾਂ ਤੇ ਰੀਤਾਂ-ਰਸਮਾਂ ਨਾਲ ਜਕੜੇ ਹੋਏ ਲੋਕ, ਸਦੀਆਂ ਦੀ ਰਾਜਨੀਤਿਕ ਤੇ ਮਾਨਸਿਕ ਗ਼ੁਲਾਮੀ ਕਾਰਨ ਖੀਣ, ਕਾਇਰ ਤੇ ਪਿਛਾਂਹ-ਖਿੱਚੂ ਬਣ ਚੁਕੇ ਸਨ। ਜ਼ਾਤ-ਪਾਤ ਦੀ ਤਮੀਜ਼, ਉਚ-ਨੀਚ ਦੇ ਵਿਤਕਰੇ ਤੇ ਸੰਪ੍ਰਦਾਇਕ ਮਤ-ਭੇਦ ਨੇ ਦੇਸ਼ ਦੇ ਸਮਾਜਕ ਜੀਵਨ ਨੂੰ ਨਿਰਜਿੰਦ ਕਰ ਦਿੱਤਾ ਸੀ। ਜ਼ਾਤ-ਅਭਿਮਾਨ ਤੇ ਇਹਦੀ ਮਨਾਪਲੀ ਇਥੋਂ ਤਕ ਵਧ ਗਈ ਸੀ ਕਿ ਆਪ ਦੀ ਗੱਦੀ-ਨਸ਼ੀਨੀ ਤੋਂ ਵਰ੍ਹਾ ਕੁ ਪਹਿਲਾਂ, ੧੬੭੪ ਵਿਚ, ਛੱਤਰਪਤੀ ਸ਼ਿਵਾ ਜੀ ਨੂੰ ਆਪਣੀ

ਤਾਜਪੋਸ਼ੀ ਸਮੇਂ ਅਜਿਹੀ ਖੇਚਲ ਤੇ ਨਮੋਸ਼ੀ ਵੇਖਣੀ ਪਈ ਕਿ ਉਸ ਦਾ ਬਿਆਨ ਪੜ੍ਹ-ਸੁਣ ਕੇ ਅਕਲ ਹੈਰਾਨ ਤੇ ਸ਼ਰਮਸਾਰ ਹੁੰਦੀ ਹੈ । ਉਨ੍ਹਾਂ ਨੂੰ "ਨੀਚੋਂ-ਊਚ-ਕਰਨ" ਲਈ ਦੇਸ਼ ਭਰ ਦੇ ਯਾਰ੍ਹਾਂ ਹਜ਼ਾਰ ਪੰਡਿਤ ਬਾਲ-ਬੱਚੇ ਸਮੇਤ ਚਾਰ ਮਹੀਨੇ ਉਨ੍ਹਾਂ ਦੇ ਮਹਿਮਾਨ ਬਣੇ ਰਹੇ । ਤੇ ਅਖ਼ੀਰ ਲੱਖਾਂ ਰੁਪਏ ਖ਼ਰਚ ਕੇ ਉਹ ਮਸਾਂ ਕਿਤੇ "ਕਸ਼ੱਤਰੀ" ਅਖਵਾਉਣ ਤੇ ਰਾਜ-ਤਿਲਕ ਲੁਆਉਣ ਦਾ 'ਹੱਕ' ਪ੍ਰਾਪਤ ਕਰ ਸਕੇ ।*

ਗੁਰੂ ਗੋਬਿਦ ਸਿੰਘ ਵੀ ਤਾਂ ਉਸੇ ਚੁਗਿਰਦੇ ਦੇ ਜੰਮ-ਪਲ ਸਨ । ਜਦੋਂ ਉਨ੍ਹਾਂ ਧਰਮ ਤੇ ਸਮਾਜ ਦੇ ਅਜਿਹੇ ਅਖੌਤੀ ਠੇਕੇਦਾਰਾਂ ਨੂੰ ਆਪਣੇ ਕੌਮੀ ਪਰੋਗਰਾਮ ਵਿਚ ਸ਼ਾਮਲ ਹੋਣ ਲਈ ਸੱਦਿਆ ਤਾਂ ਉਨ੍ਹਾਂ ਨੇ ਨੱਕ ਚੜ੍ਹਾਉਂਦਿਆਂ, ਸਾਫ਼ ਆਖ ਦਿੱਤਾ ਸੀ: "ਜਿਸ ਪਰੋਗਰਾਮ ਦੇ ਅਧੀਨ ਸਾਨੂੰ ਨੀਚਾਂ ਤੇ ਅਛੂਤਾਂ ਨਾਲ ਇੱਕੋ ਪਗਤ ਵਿਚ ਬਹਿਣ-ਖਾਣ ਅਤੇ ਇੱਕੋ ਸੰਗਤ ਵਿਚ ਧਰਮ-ਕਰਮ ਕਰਨਾ ਲਾਜ਼ਮੀ ਹੈ, ਉਹਦੇ ਵਿਚ ਸ਼ਾਮਲ ਹੋਣਾ ਤਾਂ ਕਿਤੇ ਰਿਹਾ, ਉਹਦੇ ਬਾਰੇ ਤਾਂ ਅਸੀਂ ਕੁਝ ਸੁਣਨ ਲਈ ਵੀ ਤਿਆਰ ਨਹੀਂ ।" ਇਸੇ ਅਭਿਮਾਨ-ਪੂਰਤ ਤਾਅਨੇ ਦਾ ਜੁਆਬ ਦੇਂਦਿਆਂ, ਨੀਚਾਂ-ਨੂੰ-ਊਚ-ਕਰਨ ਵਾਲੇ ਦਸ਼ਮੇਸ਼ ਨੇ ਮਾਨੋ ਹਿੱਕ ਥਾਪੜ ਕੇ ਆਖਿਆ ਸੀ : "ਜਦੋਂ ਤਕ ਮੈਂ ਇਨ੍ਹਾਂ ਅਖੌਤੀ ਨੀਚਾਂ ਤੇ ਨਿਰਧਨਾਂ ਨੂੰ 'ਸਰਦਾਰ' ਨਹੀਂ ਬਣਾ ਦਿਆਂਗਾ, 'ਗੋਬਿੰਦ ਸਿਘ' ਨਾਂ ਤਕ ਧਰਾਉਣ ਦਾ ਹੱਕਦਾਰ ਵੀ ਨਹੀਂ ਹੋਵਾਂਗਾ ।" :

"ਨਾਮ ਗ਼ਰੀਬ-ਨਿਵਾਜ਼ ਹਮਾਰਾ ;
ਹੈ ਜਗ ਮੇਂ ਪ੍ਰਸਿੱਧ ਅਪਾਰਾ ।
ਸੋ ਸਫ਼ਲਾ ਜਗ ਮੈ ਤਬ ਥੈਹੈ ;
ਲਘੁ[1] ਜਾਤਨ ਕੋ ਬਡਪਨ ਦੈ ਹੈ ।
ਜਿਨ ਕੀ ਜਾਤ ਔਰ ਕੁਲ ਮਾਹੀ ;
ਸਰਦਾਰੀ ਨਹਿ ਭਈ ਕਦਾਹੀ ।
ਕੀਟਨ[2] ਤੇ ਇਨ ਕੋ [3]ਮ੍ਰਿਗਿੰਦੂ ;
ਕਰੋਂ [4]ਹਰਨ ਹਿਤ ਤੁਰਕ [5]ਗਜਿੰਦੂ ।
ਇਨ ਹੀ ਕੋ ਸਰਦਾਰ ਬਨਾਵੈਂ ;
ਤਬੈ ਗੋਬਿੰਦ ਸਿਘ ਨਾਮ ਕਹਾਵੈਂ ।"

[ ਪੰਥ ਪ੍ਰਕਾਸ਼

ਦਸਮੇਸ਼ ਦੇ ਇਸ ਖੁਲ੍ਹੇ ਚੈਲੰਜ, ਜ਼ਾਤ-ਵਰਣ ਦੇ ਵਿਰੋਧ ਤੇ ਸੰਗਤ-ਪੰਗਤ ਦੀ ਇਨ-ਕਲਾਬੀ ਨੀਤੀ ਨੇ ਉਨ੍ਹਾਂ ਨੂੰ ਧਰਮ ਤੇ ਸਮਾਜ ਦੇ ਇਜਾਰੇਦਾਰਾਂ ਦੀ ਈਰਖਾ, ਵੈਰ-ਭਾਵ

*ਵੇਖੋ : Swami, D.T., *The Menace of Hindu Imperialism*, Lahore, 1941, p. 166. [1]ਛੋਟੀ, ਨੀਚ । [2]ਕੀੜੇ, ਤੁੱਛ । [3]ਮਿਰਗਾਂ ਦੇ ਸਵਾਮੀ, ਸ਼ੇਰ, ਸਿੰਘ । [4]ਨਾਸ਼ ਕਰਨਾ । [5]ਹਾਥੀਆਂ ਦੇ ਸਰਦਾਰ, ਸ਼੍ਰੋਮਣੀ ਹਾਥੀ ।

ਤੇ ਫ਼ਤਵਿਆਂ ਦਾ ਨਿਸ਼ਾਨਾ ਹੀ ਬਣਾਇਆ ਹੋਵੇਗਾ । ਉਨ੍ਹਾਂ ਤੋਂ, ਘਟੋ-ਘਟ, ਪਿਆਰ-ਸਤਿਕਾਰ ਅਤੇ ਮਦਦ-ਮਿਲਵਰਤਨ ਦੀ ਆਸ ਰਖਣੀ ਤਾਂ ਹਵਾ ਨਾਲ ਗੱਲਾਂ ਕਰਨ ਵਾਲੀ ਹੀ ਗੱਲ ਸੀ ।

ਤੇ ਜੇ ਰੱਬ ਤੇ ਸਮਾਜ ਦੇ ਠੇਕੇਦਾਰ ਮਗਰ ਪੈ ਗਏ ਸਨ, ਤਾਂ ਦੇਸੀ ਰਵਜਾੜੇ ਕਿਹੜੇ ਪਿਛੇ ਸਨ ? ਉਹ ਤਾਂ ਮੁੱਢੋਂ ਹੀ ਡਰਾਕਲ ਤੇ ਸੁਆਰਥੀ ਸਨ । ਉਹ ਤਾਂ ਠੀਕ ਅਰਥਾਂ ਵਿਚ ਸਰਕਾਰੀ ਪਿੱਠੂ ਤੇ ਲੋਕ-ਦੁਸ਼ਮਣ ਸਨ । ਗੁਰੂ ਗੋਬਿੰਦ ਸਿੰਘ ਨੇ ਜਦੋਂ ਉਨ੍ਹਾਂ ਨੂੰ ਵੀ ਆਪਣੇ ਪਰੋਗਰਾਮ ਵਿਚ ਸ਼ਾਮਲ ਹੋਣ ਤੇ ਰਲਮਿਲ ਕੇ ਦੇਸ਼-ਕੌਮ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਦਾ ਸੱਦਾ ਦਿੱਤਾ, ਤਾਂ ਉਨ੍ਹਾਂ ਨੇ ਪੈਂਦੀ-ਸੱਟੇ ਇਹ ਕਹਿ ਕੇ ਟਾਲ ਦਿੱਤਾ :

> "ਜਿਨ੍ਹਾਂ ਮੁਗ਼ਲਾਂ ਨਾਲ ਟੱਕਰ ਲੈਣ ਦੀ
> ਸੋਚ ਰਹੇ ਹੋ, ਉਹ ਤਾਂ ਬਾਜ਼ਾਂ ਵਾਂਗ
> ਤਕੜੇ ਤੇ ਸਤਾਣੇ ਹਨ ; ਅਤੇ ਅਸੀਂ
> ਹਿੰਦੁਸਤਾਨੀ, ਉਨ੍ਹਾਂ ਦੇ ਟਾਕਰੇ ਤੇ, ਚਿੜੀਆਂ
> ਵਾਂਗ ਨਿੱਸਤੇ ਤੇ ਨਿਤਾਣੇ ਹਾਂ ।"

ਗੁਰੂ ਗੋਬਿੰਦ ਸਿੰਘ ਨੇ ਤਦੇ ਤਾਂ ਲਲਕਾਰ ਕੇ ਆਖਿਆ ਸੀ : "ਮੈਂ ਤਾਂ 'ਗੋਬਿੰਦ ਸਿੰਘ' ਅਖਵਾਉਣ ਦਾ ਹੱਕਦਾਰ ਹੀ ਉਦੋਂ ਹੋਵਾਂਗਾ ਜਦੋਂ ਇਨ੍ਹਾਂ 'ਚਿੜੀਆਂ' ਵਿਚ ਅਜਿਹੀ ਹਿੰਮਤ ਤੇ ਚੜ੍ਹਦੀ-ਕਲਾ ਭਰ ਦਿਆਂਗਾ ਕਿ ਉਹ ਬਾਜ਼ਾਂ ਨਾਲ ਟਕਰਾਉਣਾ ਤਾਂ ਕਿਤੇ ਰਿਹਾ, ਉਨ੍ਹਾਂ ਨੂੰ ਦਬੋਚਣ ਦੇ ਵੀ ਸਮਰਥ ਹੋ ਜਾਣਗੀਆਂ" :

> ਚਿੜੀਅਨ ਸੇ ਜਬ ਬਾਜ਼ ਤੁੜਾਊਂ,
> ਤਬੈ 'ਗੋਬਿੰਦ ਸਿੰਘ' ਨਾਮ ਕਹਾਊਂ ।

ਅਜਿਹੀ ਲਲਕਾਰ ਤੇ ਇਕਰਾਰ ਤੋਂ ਉਤਸ਼ਾਹਿਤ ਹੋ ਕੇ, ਉਨ੍ਹਾਂ ਦਾ ਗੁਰੂਦੇਵ ਨਾਲ ਮੋਢਾ ਲਾਉਣਾ ਤਾਂ ਕਿਤੇ ਰਿਹਾ, ਉਹ ਤਾਂ ਸਗੋਂ ਉਨ੍ਹਾਂ ਵਿਰੁਧ ਗੰਢ-ਤੁਪ ਵੀ ਕਰਨ ਲਗ ਪਏ । ਤੇ ਜਦੋਂ ਗੁਰੂਦੇਵ ਨੇ ਉਸ ਪਰੋਗਰਾਮ ਦੀ ਪੂਰਤੀ ਲਈ, ਇਕੱਲਿਆਂ ਹੀ ਲੱਕ ਬੰਨ੍ਹ ਲਿਆ ਤਾਂ ਉਨ੍ਹਾਂ ਦੀ ਚੜ੍ਹਦੀ-ਕਲਾ, ਸ਼ਾਹੀ ਠਾਠ ਤੇ ਸੈਨਿਕ ਤਿਆਰੀ ਨੇ ਉਨ੍ਹਾਂ ਨੂੰ ਇਕ ਪਾਸੇ ਤਾਂ ਚਿੰਤਾਤੁਰ ਕਰ ਦਿੱਤਾ ਅਤੇ ਦੂਜੇ ਪਾਸੇ ਈਰਖਾ ਦੇ ਲਾਂਬੂ ਲਾ ਦਿੱਤੇ । ਨਤੀਜਾ ਇਹ ਨਿਕਲਿਆ ਕਿ ਉਹ ਦਸ਼ਮੇਸ਼ ਦੀ ਜਾਨ ਦੇ ਵੀ ਵੈਰੀ ਬਣ ਗਏ ਅਤੇ ਉਨ੍ਹਾਂ ਦੇ ਪਰੋਗਰਾਮ ਲਈ ਸਭ ਤੋਂ ਵੱਡੀ ਰੁਕਾਵਟ ਬਣ ਕੇ ਖੜੋ ਗਏ । ਇਸੇ ਲਈ ਗੁਰੂਦੇਵ ਨੂੰ ਆਪਣੀ ਚੜ੍ਹਦੀ ਜਵਾਨੀ ਵਿਚ ਸਭ ਤੋਂ ਪਹਿਲਾਂ ਉਨ੍ਹਾਂ ਨਾਲ ਹੀ ਲੋਹਾ ਲੈਣ ਤੇ ਕਈ ਲੜਾਈਆਂ ਵਿਚ ਜੂਝਣ ਲਈ ਮਜਬੂਰ ਹੋਣਾ ਪਿਆ ।

ਤੇ ਜੇ ਦੇਸੀ ਰਜਵਾੜੇ ਖ਼ੂਨ ਦੇ ਪਿਆਸੇ ਸਨ ਤਾਂ ਬਦੇਸ਼ੀ ਸਰਕਾਰ ਕਿੰਨੀ ਕੁ

ਮਿੱਤਰ, ਹਮਦਰਦ ਤੇ ਸਹਿ-ਹੋਂਦ (co-existence) ਦੀ ਕਾਇਲ ਸੀ । ਮੁਗ਼ਲਾਂ ਦੀ ਰਾਜਨੀਤਿਕ ਤਾਕਤ ਤੇ ਧਾਰਮਕ ਤੁਅੱਸਬ ਆਪਣੇ ਸਿਖਰ ਤੇ ਪਹੁੰਚ ਚੁਕਾ ਸੀ । "ਬਾਬੇਕਿਆਂ" ਤੇ "ਬਾਬਰਕਿਆਂ" ਦਾ ਰਾਜ-ਭਾਗ ਹਿੰਦੁਸਤਾਨ ਵਿਚ ਇੱਕੋ ਸਮੇਂ ਸ਼ੁਰੂ ਹੋਇਆ ਸੀ । ਜਿਉਂ ਜਿਉਂ ਸਮਾਂ ਬੀਤਦਾ ਗਿਆ, "ਬਾਬੇਕੇ" ਆਤਮਕ ਤੌਰ ਤੇ ਅਤੇ "ਬਾਬਰਕੇ" ਸੰਸਾਰਕ ਤੌਰ ਤੇ, ਤਕੜੇ ਅਤੇ ਪ੍ਰਭਾਵਸ਼ਾਲੀ ਹੁੰਦੇ ਗਏ । ਫਿਰ ਕੋਈ ਸਮਾਂ ਆਇਆ ਜਦੋਂ "ਬਾਬਰਕਿਆਂ" ਨੇ "ਬਾਬੇਕਿਆਂ" ਦੀ ਵਧ ਰਹੀ ਸ਼ਕਤੀ, ਪ੍ਰਭੁਤਾ ਤੇ ਸਮਰਥਾ ਨੂੰ ਕੁਚਲਣ ਅਤੇ ਉਨ੍ਹਾਂ ਦੀ "ਦੁਕਾਨ"* ਬੰਦ ਕਰਨ ਦਾ ਫ਼ੈਸਲਾ ਕਰ ਲਿਆ ।

ਇਸ ਫ਼ੈਸਲੇ ਨੇ ਫਿਰ ਇਕ ਅਜਿਹੀ ਭਿਆਨਕ ਸ਼ਕਲ ਇਖ਼ਤਿਆਰ ਕਰ ਲਈ ਕਿ ਬਾਬਰ ਦੇ ਪੜਪੋਤੇ, ਜਹਾਂਗੀਰ (੧੫੬੯—੧੬੨੭), ਨੇ ਗੁਰੂ ਗੋਬਿੰਦ ਸਿੰਘ ਦੇ ਪੜਦਾਦਾ, ਗੁਰੂ ਅਰਜਨ ਦੇਵ (੧੫੬੩—੧੬੦੬), ਨੂੰ ਅਸਹਿ ਤੇ ਅਕਹਿ ਕਸ਼ਟ ਦੁਆ ਕੇ ਸ਼ਹੀਦ ਕਰਵਾ ਦਿੱਤਾ । ਫਿਰ ਉਨ੍ਹਾਂ ਦੇ ਦਾਦਾ, ਗੁਰੂ ਹਰਿਗੋਬਿੰਦ (੧੫੯੫—੧੬੪੪), ਨੂੰ ਜਹਾਂਗੀਰ ਦੇ ਪੁੱਤਰ ਸ਼ਾਹਜਹਾਨ (੧੫੯੨—੧੬੫੮) ਨਾਲ ਜੂਝਣਾ ਪਿਆ । ਹੋਰ ਤਾਂ ਹੋਰ, ਉਨ੍ਹਾਂ ਦੇ ਆਪਣੇ ਪਿਤਾ, ਗੁਰੂ ਤੇਗ਼ ਬਹਾਦਰ (੧੬੨੧—੧੬੭੫), ਨੂੰ ਸ਼ਾਹ ਜਹਾਨ ਦੇ ਪੁੱਤਰ, ਔਰੰਗਜ਼ੇਬ (੧੬੧੮—੧੭੦੭), ਨੇ ਤਹਿ-ਤੇਗ ਕਰਵਾ ਦਿਤਾ ਸੀ । ਸੋ ਜਿਹੜਾ ਖ਼ਾਨਦਾਨ ਤੇ ਉਸ ਦੀ ਅਜਿਹੀ ਹਕੂਮਤ ਗੁਰੂ ਗੋਬਿੰਦ ਸਿੰਘ ਦੇ ਪਿਓ-ਦਾਦੇ-ਤੇ-ਪੜਦਾਦੇ ਨਾਲ ਕਈ ਪੀੜ੍ਹੀਆਂ ਤੋਂ ਨਿਰੰਤਰ ਅਜਿਹਾ ਨਿਰਦਈ ਸਲੂਕ ਕਰ ਰਹੀ ਸੀ, ਉਹਨੇ ਉਨ੍ਹਾਂ ਦੇ ਇਸ ਨਿੱਕੇ ਜਹੇ "ਅਨਾਥ" ਬੱਚੇ ਨਾਲ ਕਿੰਨਾ ਕੁ ਲਾਡ ਜਾਂ ਲਿਹਾਜ਼ ਕਰਨਾ ਸੀ ?

ਤੇ ਉਹ ਸ਼ਾਹੀ ਖ਼ਾਨਦਾਨ ਵੀ ਤਾਂ ਕੋਈ ਸੁਦੇਸ਼ੀ ਤੇ ਮੁਹਿਰਦ ਘਰਾਣਾ ਨਹੀਂ ਸੀ। ਉਹਦੀ ਹਕੂਮਤ ਵੀ ਕੋਈ ਅਜ ਵਾਂਗ ਆਮਾਂ ਵਿੱਚੋਂ ਉੱਠਿਆ ਹੋਇਆ ਲੋਕ-ਰਾਜ ਨਹੀਂ ਸੀ । ਉਹ ਤਾਂ ਬਦੇਸ਼ੋਂ ਆਇਆ ਇਕ ਅਜਿਹਾ ਇਕ-ਪੁਰਖਾ ਰਾਜ ਸੀ ਜਿਸ ਵਿਚ ਕਿਸੇ ਸ਼ਹਿਰੀ ਨੂੰ ਕਿਸੇ ਤਰ੍ਹਾਂ ਦੀ ਕੋਈ "ਖੁਲ੍ਹ" ਪ੍ਰਾਪਤ ਨਹੀਂ ਸੀ । ਫਿਰ, ਮੰਦੇ-ਭਾਗੀਂ, ਰਾਜ ਦੀ ਵਾਗ-ਡੋਰ ਵੀ ਉਦੋਂ ਇਕ ਅਜਿਹੇ ਰਾਜੇ ਦੇ ਹੱਥ ਸੀ ਜਿਸ ਜਿਹਾ ਤੁਅੱਸਬੀ ਤੇ ਨਿਰਦਈ ਬਾਦਸ਼ਾਹ ਹਿੰਦੁਸਤਾਨ ਨੇ ਸ਼ਾਇਦ ਹੀ ਕਦੇ ਸੁਣਿਆ ਜਾਂ ਵੇਖਿਆ ਹੋਵੇ । ਉਹ ਤਾਂ ਇੰਨਾ ਫ਼ਰੇਬੀ, ਬੇਦਰਦ ਤੇ ਜਨੂਨੀ ਸੀ ਕਿ ਦਸ਼ਮੇਸ਼ ਨੂੰ ਮਗਰੋਂ ਉਸੇ ਨੂੰ ਸੰਬੋਧਨ ਕਰਦਿਆਂ, ਇਹ ਆਖਣਾ ਪਿਆ ਸੀ :

ترا ترکتازی بہ مکر و ریا
مرا چارہ سازی بہ صدق و صفا—

*ਜਹਾਂਗੀਰ ਬਾਦਸ਼ਾਹ ਨੇ ਆਪਣੀ ਸ੍ਵੈ-ਜੀਵਨੀ ਵਿਚ ਗੁਰਸਿੱਖੀ ਨੂੰ "ਦੁਕਾਨੇ ਬਾਤਲ" (ਝੂਠ ਦੀ ਦੁਕਾਨ) ਲਿਖਿਆ ਹੈ । ਵੇਖੋ: "ਤੁਜ਼ਕੇ ਜਹਾਂਗੀਰੀ", ਨਵਲ ਕਿਸ਼ੋਰ ਪ੍ਰੈਸ, ਪੰਨਾ ੩੫ ।

نه زیبد ترا نام اورنگ زیب
که اورنگزیباں نه زیبد فریب—
تو خاک پدر را بکر دار زشت
بخون برادر بداری سرشت—
وزاں خانهٔ خام کردی بنا
بروئے در دولت خویش را—
[ فتحه نامه گورو گوبند سنگهه

ਅਰਥਾਤ : "ਤੈਨੂੰ ਆਪਣੇ ਮਕਰ ਤੇ ਫ਼ਰੇਬ ਉਤੇ, ਅਤੇ ਮੈਨੂੰ ਆਪਣੇ ਸਿਦਕ ਤੇ ਨੇਕਨੀਤੀ ਉਤੇ ਨਿਸਚਾ ਹੈ । ਤੈਨੂੰ ਤਾਂ ਤੇਰਾ ਨਾਂ, "ਔਰੰਗਜ਼ੇਬ," ਢੁੱਕਦਾ ਹੀ ਨਹੀਂ; ਕਿਉਂਕਿ ਇਸ ਦਾ ਭਾਵ 'ਤਖ਼ਤ ਨੂੰ ਸਜਾਵਟ' ਦੇਣ ਵਾਲੇ ਅਜਿਹੇ ਬੰਦੇ ਤੋਂ ਹੈ ਕਿ ਜਿਸ ਨੂੰ ਧੋਖਾ-ਫ਼ਰੇਬ ਸੋਭਦਾ ਹੀ ਨਹੀਂ । ...........ਤੂੰ ਤਾਂ ਭੈੜੀਆਂ ਕਰਤੂਤਾਂ ਨਾਲ ਆਪਣੇ ਪਿਓ ਦੀ ਮਿੱਟੀ ਨੂੰ ਆਪਣੇ ਭਰਾਵਾਂ ਦੇ ਖ਼ੂਨ ਨਾਲ ਗੁੰਨ੍ਹ ਕੇ, ਆਪਣੇ ਰਾਜ-ਭਾਗ ਦੇ ਕੱਚੇ ਮਹਿਲ ਦੀ ਉਸਾਰੀ ਕੀਤੀ ਹੈ.......................।"

ਜਿਸ ਬਾਦਸ਼ਾਹ ਨੇ ਕੇਵਲ ਗੁਰੂ ਗੋਬਿੰਦ ਸਿੰਘ ਦੇ ਪਿਤਾ ਦੀ ਹੀ ਨਹੀਂ, ਸਗੋਂ ਖ਼ੁਦ ਆਪਣੇ ਪਿਤਾ ਤੇ ਭਰਾਵਾਂ ਦੇ ਖ਼ੂਨ ਦੀ ਹੋਲੀ ਖੇਡੀ ਹੋਵੇ; ਜਿਸ ਨੇ ਸਰਮਦ ਜਹੇ ਰੱਬ ਦੇ ਬੰਦੇ ਨੂੰ ਨਾਹੱਕ ਹੀ ਮਰਵਾ ਦਿੱਤਾ ਹੋਵੇ; ਅਤੇ ਜਿਸ ਨਾਲ ਜ਼ਿੰਦਗੀ-ਮੌਤ ਦੀ ਬਾਜ਼ੀ ਲਾ ਦੇਣ ਤੋਂ ਬਾਅਦ, ਗੁਰੂ ਗੋਬਿੰਦ ਸਿੰਘ ਨੇ ਆਪ ਉਸ ਦੇ ਸੁਭਾ ਤੇ ਕਰਤੂਤਾਂ ਨੂੰ ਇਉਂ ਉਲੀਕਿਆ ਹੋਵੇ, ਉਸ ਦੀ ਜ਼ਾਤ, ਹਕੂਮਤ ਤੇ ਖ਼ਾਨਦਾਨ ਦਾ ਬਾਲ-ਗੁਰੂ ਦੀ ਗੱਦੀ ਤੇ ਜਾਨ ਦਾ ਵੈਰੀ ਜਾਂ ਵਿਰੋਧੀ ਹੋਣਾ ਸੁਭਾਵਕ ਹੀ ਸੀ ।

ਕਿਸੇ ਸਿਆਣੇ ਤੇ ਸਰਦੇ-ਪੁਜਦੇ ਬੰਦੇ ਦੇ ਸਿਰ ਵੀ, ਜ ਇਨ੍ਹਾਂ ਵਿਚੋਂ ਕੋਈ ਇਕ ਵੀ ਮੁਸ਼ਕਲ ਜਾਂ ਮੁਸੀਬਤ ਆ ਬਣੇ ਤਾਂ ਉਹ ਘਾਬਰ ਜਾਂਦਾ ਹੈ, ਦਿਲ ਹਾਰ ਬਹਿੰਦਾ ਹੈ। ਪਰ ਬਾਲ-ਗੋਬਿੰਦ ਦੇ ਸਾਹਮਣੇ ਤਾਂ ਉਹ ਹਾਠਾਂ ਬੰਨ੍ਹ ਕੇ ਆ ਗਈਆਂ ਸਨ।

ਫਿਰ ਇਨ੍ਹਾਂ ਨੂੰ ਠਲ੍ਹਣ ਲਈ, ਇਨ੍ਹਾਂ ਨਾਲ ਜੂਝਣ ਲਈ, ਉਨ੍ਹਾਂ ਕੋਲ ਨਾ ਉਮਰ ਸੀ, ਨਾ ਤਜਰਬਾ; ਨਾ ਸਾਥੀ ਸਨ, ਨਾ ਸਾਧਨ; ਨਾ ਸੈਨਾ ਸੀ, ਨਾ ਸ਼ਸਤਰ; ਨਾ ਰਾਜ ਸੀ ਨਾ ਭਾਗ; ਨਾ ਸਾਜ਼ ਸੀ ਨਾ ਬਾਜ਼!

ਇਕ ਕਲ-ਮੁਕੱਲੇ ਬਾਲ ਨੂੰ ਸਮੇਂ ਦੀਆਂ ਸਭ ਵਿਰੋਧੀ ਸ਼ਕਤੀਆਂ ਨਾਲ ਚਾਰੇ-ਪਾਸਿਉਂ ਇਉਂ ਘਿਰਿਆ ਵੇਖ ਕੇ, ਹੈਰਾਨ-ਪਰੇਸ਼ਾਨ ਅਕਲ ਪੁਛਦੀ ਹੈ: "ਉਹ ਇਨ੍ਹਾਂ ਨੂੰ ਵੇਖਦਿਆਂ ਸਾਰ, ਘਬਰਾ ਕਿਉਂ ਨਾ ਗਿਆ? ਇਨ੍ਹਾਂ ਦੀ 'ਚੜ੍ਹਤਲ' ਨੂੰ ਮਹਿਸੂਸ-ਦਿਆਂ ਹੀ, ਉਹਨੇ ਈਨ ਕਿਉਂ ਨਾ ਮੰਨੀ? ਇਨ੍ਹਾਂ ਦੇ ਅਮੁੱਕ ਭਾਰ ਹੇਠ ਉਹ ਲਿਫ਼ ਕਿਉਂ ਨਾ ਗਿਆ?"

ਗੁਰੂ ਗੋਬਿੰਦ ਸਿੰਘ ਦੀ ਜੀਵਨ-ਕਥਾ ਦੇ ਅਗਲੇ ੩੨ ਵਰ੍ਹਿਆਂ ਦਾ ਬਿਰਤਾਂਤ ਇਸ ਗੱਲ ਦਾ ਗਵਾਹ ਹੈ ਕਿ ਉਹ ਜ਼ਰਾ ਵੀ ਨਾ ਡੋਲੇ, ਟਤੀ ਵੀ ਨਾ ਘਾਬਰੇ। ਉਨ੍ਹਾਂ ਕਿਸੇ ਦੀ ਵੀ ਈਨ ਨਾ ਮੰਨੀ, ਉਨ੍ਹਾਂ ਕਿਸੇ ਦੀ ਵੀ ਮਿੰਨਤ ਨਾ ਕੀਤੀ; ਉਨ੍ਹਾਂ ਕਦੇ ਵੀ ਦਿਲ ਨਾ ਹਾਰਿਆ। ਸਗੋਂ, ਇੰਨੀ ਬੇਬਸੀ ਤੇ ਬੇਸਰੋਸਾਮਾਨੀ ਦੇ ਬਾਵਜੂਦ, ਉਹ ਸਮੇਂ, ਸ਼ਰੀਕੇ, ਰਾਜ, ਸਮਾਜ — ਸਭ ਨਾਲ ਖੁਲ੍ਹੇ-ਹੱਥੀਂ ਟੱਕਰ ਲੈਣ ਲਈ ਡਟ ਗਏ। ਫਿਰ ਲਿਫ਼ਣਾ ਤਾਂ ਕੀ, ਸਿੱਧੇ ਸ਼ਤੀਰ ਤਣੇ ਰਹੇ ਅਤੇ ਆਖ਼ਰੀ ਸੁਆਸਾਂ ਤਕ ਚੜ੍ਹਦੀ-ਕਲਾ ਵਿਚ ਵਿਚਰਦੇ ਰਹੇ।

ਮਨੁੱਖੀ ਇਤਿਹਾਸ ਦੀ ਇਹ ਕਹਾਣੀ ਜਿਨੀ ਨਿਰਾਲੀ ਤੇ ਦਰਦਨਾਕ ਹੈ, ਉੱਨੀ ਹੀ ਹੁਲਾਰਾ-ਜਨਕ ਤੇ ਮਾਣ-ਕਰਨਯੋਗ ਹੈ। ਇਸ ਦੀ ਹਰ ਘਟਨਾ ਨੂੰ ਪੜ੍ਹਿਆਂ, ਬੁੱਧੀ ਹੈਰਾਨ ਹੁੰਦੀ ਹੈ; ਇਸ ਦੀ ਹਰ ਸਥਿੱਤੀ ਨੂੰ ਸੋਚਿਆਂ, ਸੋਚ ਜੁਆਬ ਦੇ ਜਾਂਦੀ ਹੈ; ਇਸ ਦੀ ਹਰ ਪ੍ਰਾਪਤੀ ਨੂੰ ਸੁਣਿਆਂ-ਸਮਝਿਆਂ ਜ਼ਾਭ ਗੁਣਗੁਣਾਉਣ ਲਗ ਪੈਂਦੀ ਹੈ:

ਐਸੀ ਲਾਲ!
ਤੁਝ ਬਿਨੁ ਕਉਨੁ ਕਰੈ?

(ਭਗਤ ਨਾਮਦੇਵ

ਫਿਰ ਇਸ ਦੇ ਨਾਇਕ ਦੀ ਹਰ ਸੋਚ ਇਨਕਲਾਬ ਦੀ ਸੂਚਕ; ਹਰ ਤੱਕਣੀ ਪਰੇਰਨਾ ਦਾ ਸੋਮਾ; ਹਰ ਕਥਨੀ ਤੇ ਕਰਨੀ ਚੜ੍ਹਦੀ-ਕਲਾ ਦੀ ਲਖਾਇਕ ਜਾਪਣ ਲਗ ਪੈਂਦੀ ਹੈ।

# ੫

ਦੁਨੀਆਂ ਦਾ ਇਹ ਅਦੁੱਤੀ ਬਾਲਕ ਤਰਲਿਆਂ, ਝੋਰਿਆਂ ਜਾਂ ਸਲਾਹਾਂ ਵਿਚ ਪੈਣ ਦੀ ਥਾਂ, ਸਾਰੀ ਸਥਿੱਤੀ ਦਾ ਤੁਰੰਤ ਜਾਇਜ਼ਾ ਲੈ ਕੇ, ਨਿਝੱਕ ਆਖਦਾ ਹੈ : "ਲੋਕੋ ! ਮੇਰਾ ਤਾਂ ਜਨਮ ਹੀ ਦੁਸ਼ਟ-ਦੋਖੀਆਂ ਦਾ ਨਾਸ ਤੇ ਧਰਮ ਦਾ ਪਰਕਾਸ਼ ਕਰਨ ਲਈ ਹੋਇਆ ਜੇ । ਮੈਂ ਤਾਂ ਲੋਕ-ਵੈਰੀਆਂ ਨੂੰ ਪਛਾੜਨ ਤੇ ਲੋਕ-ਹਿਤੈਸ਼ੀਆਂ ਨੂੰ ਉਬਾਰਨ ਲਈ ਨਿਤਰਿਆ ਜੇ" :

ਹਮ ਇਹ ਕਾਜ ਜਗਤ ਮੋ ਆਏ ;
ਧਰਮ ਹੇਤ ਗੁਰਦੇਵ ਪਠਾਏ ।
ਜਹਾਂ ਤਹਾਂ ਤੁਮ ਧਰਮ ਬਿਥਾਰੋ ;
ਦੁਸ਼ਟ ਦੋਖੀਅਨ ਪਕਰਿ ਪਛਾਰੋ ।
ਯਾਹੀ ਕਾਜ ਧਰਾ ਹਮ ਜਨਮੰ ;
ਸਮਝ ਲੇਹੁ ਸਾਧੂ ਸਭ ਮਨਮੰ ।
ਧਰਮ ਚਲਾਵਨ, ਸੰਤ ਉਬਾਰਨ ;
ਦੁਸ਼ਟ ਸਭਨ ਕੋ ਮੂਲ ਉਪਾਰਨ ।

[ਬਚਿੱਤ੍ਰ ਨਾਟਕ, ੬/੪੨-੪੩

ਇਹ ਕਥਨ ਕੋਈ ਰਸਮੀ ਏਲਾਨ ਜਾਂ ਵਕਤੀ ਦਮਗੱਜਾ ਨਹੀਂ ਸੀ । ਇਹ ਤਾਂ ਆਪਣੇ ਆਪ ਵਿਚ ਇਕ ਸੰਪੂਰਨ ਮਨੋਰਥ-ਪੱਤਰ (manifesto) ਸੀ ਜਿਸ ਨੇ ਦਸ਼ਮੇਸ਼ ਦੇ ਜੀਵਨ-ਆਦਰਸ਼ ਅਤੇ ਆ ਰਹੇ ਸੰਘਰਸ਼ ਨੂੰ ਸਪਸ਼ਟ ਤੌਰ ਤੇ ਉਲੀਕ ਦਿੱਤਾ ਸੀ ।

ਇਸ ਦੀ ਪੂਰਤੀ ਲਈ, ਉਨ੍ਹਾਂ ਕਿਸੇ ਧਾਰਮਿਕ ਜਾਂ ਸਮਾਜਿਕ ਆਗੂ ਦਾ ਪੱਲਾ ਫੜਨ ; ਕਿਸੇ ਰਾਜਨੀਤਕ ਨੇਤਾ ਜਾਂ ਸਰਕਾਰੀ ਖੜਪੈਂਚ ਉਤੇ ਆਸ ਟਿਕਾਣ ਦੀ ਥਾਂ, ਕੇਵਲ ਇੱਕੋ ਅਕਾਲ ਦੀ ਟੇਕ ਲਈ ਅਤੇ ਕੇਵਲ ਉਸੇ ਦੀ ਓਟ ਮੰਗੀ ।

ਉਨ੍ਹਾਂ ਸਮੇਂ ਤੇ ਸਮਾਜ ਦੀਆਂ ਪਿਛਾਂਹ-ਖਿੱਚੂ ਸ਼ਕਤੀਆਂ ਨੂੰ ਝੰਜੋੜਿਆ ; ਇਤਿਹਾਸ ਤੇ ਮਿਥਿਹਾਸ ਦੀਆਂ ਪੁਰਾਤਨ ਕੀਮਤਾਂ ਨੂੰ ਟਕੋਰਿਆ ; ਮਰਯਾਦਾ ਤੇ ਪਰੰਪਰਾ ਦੀਆਂ ਜਿਲ੍ਹਣਾਂ ਨੂੰ ਹਲੂਣਿਆ; ਅਤੇ ਮਨੁੱਖ ਦੁਆਲੇ ਤਣੇ ਹੋਏ ਭਰਮ-ਜਾਲ ਨੂੰ ਵੰਗਾਰਿਆ । ਉਨ੍ਹਾਂ ਭਰਵੀਂ ਦਲੇਰੀ ਤੇ ਚੜ੍ਹਦੀ -ਕਲਾ ਨਾਲ ਏਲਾਨੀਆ ਆਖਿਆ : "ਮੈਨੂੰ ਇਨ੍ਹਾਂ



INSTITUTE OF ADV...
19318

ਵਿੱਚੋਂ ਕਿਸੇ ਦੀ ਵੀ ਕੋਈ ਪਰਵਾਹ ਨਹੀਂ । ਮੈਂ ਤਾਂ ਜਦ ਤੋਂ ਪ੍ਰਭੂ ਦੇ ਚਰਨ ਫੜੇ ਹਨ, ਕਿਸੇ ਹੋਰ ਨੂੰ ਕਦੇ ਆਪਣੀ ਅੱਖ ਥੱਲੇ ਵੀ ਨਹੀਂ ਲਿਆਂਦਾ । ਰਾਮ ਤੇ ਰਹੀਮ, ਪੁਰਾਨ ਤੇ ਕੁਰਾਨ ਜੋ ਮਰਜ਼ੀ ਪਏ ਕਹਿਣ, ਮੈਂ ਤਾਂ ਇੱਕ ਰੱਬ ਬਿਨਾਂ ਕਿਸੇ ਹੋਹ ਦੀ ਇਕ ਵੀ ਨਹੀਂ ਮੰਨੀ ਤੇ ਨਾ ਹੀ ਮੰਨਣੀ ਹੈ :

ਪਾਂਇ ਗਹੇ ਜਬ ਤੇ ਤੁਮਰੇ,
ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ।
ਰਾਮ, ਰਹੀਮ, ਪੁਰਾਨ, ਕੁਰਾਨ,
ਅਨੇਕ ਕਹੈਂ ਮਤ ਏਕ ਨਾ ਮਾਨਯੋ ।

[ਰਾਮਾਵਤਾਰ—੮੬੩

ਗੁਰੂ ਗੋਬਿੰਦ ਸਿਘ ਨੇ ਫਿਰ ਅਜਿਹੇ ਸਮਰਥ ਤੇ ਵਿਆਪਕ ਪ੍ਰਭੂ ਨੂੰ ਦੋਵੇਂ ਹੱਥ ਜੋੜ ਕੇ, ਬੜੇ ਪਿਆਰ ਤੇ ਸਤਿਕਾਰ ਨਾਲ ਬੇਨਤੀ ਕੀਤੀ : "ਰੱਬ ਜੀ ! ਆਪਣਾ ਹੱਥ ਦੇ ਕੇ ਮੇਰੀ ਰੱਖਿਆ ਕਰੋ । ਮੇਰੇ ਮਨ ਦੀ ਮੁਰਾਦ ਪੂਰੀ ਹੋਵੇ ! ਮੇਰਾ ਚਿੱਤ ਤੁਹਾਡੇ ਚਰਨਾਂ ਨਾਲ ਜੁੜਿਆ ਰਹੇ ਤੇ ਤੁਸੀਂ ਮੈਨੂੰ ਆਪਣਾ ਜਾਣ ਕੇ ਮੇਹੀ ਪਾਲਨਾ ਕਰੋ । ਮੇਰੇ ਸਭ ਵੈਰੀਆਂ ਦਾ ਨਾਸ਼ ਕਰੋ ਅਤੇ ਮੇਰੇ ਸਿਰ ਆਪਣਾ ਹੱਥ ਰਖ ਕੇ ਇਨ੍ਹਾਂ ਦੇ ਵੈਰ-ਵਿਰੋਧ ਤੋਂ ਬਚਾ ਲਵੋ । ਮੇਰਾ ਸਾਰਾ ਪਰਵਾਰ ਤੇ ਸ਼ਿੱਖ-ਸੇਵਕ ਸੁਖੀ ਵੱਸਣ " :

ਹਮਰੀ ਕਰੋ, ਹਾਥ ਦੈ ਰੱਛਾ,
ਪੂਰਨ ਹੋਇ, ਚਿਤ ਕੀ ਇੱਛਾ ।
ਤਵ ਚਰਨਨ, ਮਨ ਰਹੈ ਹਮਾਰਾ,
ਅਪਨਾ ਜਾਨ, ਕਰੋ ਪ੍ਰਤਿਪਾਰਾ । ੩੭੭
ਹਮਰੇ ਦੁਸਟ, ਸਭੈ ਤੁਮ ਘਾਵਹੁ,
ਆਪੁ ਹਾਥ ਦੈ, ਮੋਹਿ ਬਚਾਵਹੁ ।
ਸੁਖੀ ਬਸੈ, ਮੋਰੋ ਪਰਵਾਰਾ,
ਸੇਵਕ ਸਿੱਖ, ਸਭੈ ਕਰਤਾਰਾ । ੩੭੮

[ਪੱਖਯਾਨ ਚਰਿੱਤ੍ਰ—ਨੰ: ੪੦੫

ਰਤਾ ਅਗੇਰੇ ਹੋ ਕੇ ਬੜੇ ਮਾਣ ਤੇ ਜੋਰੇ ਨਾਲ ਆਖਿਆ : "ਪ੍ਰਭ ਜੀ ! ਮੇਰੇ ਇਸ ਇਰਾਦੇ ਨੂੰ ਦ੍ਰਿੜ੍ਹ ਕਰੋ ਕਿ ਤੁਹਾਨੂੰ ਛੱਡ ਕੇ ਕਿਸੇ ਹੋਰ ਨੂੰ ਕਦੇ ਨਾ ਧਿਆਵਾਂ । ਜੀਵਨ ਦੀ ਹਰ ਇੱਛਾ ਤੇ ਅਸੀਸ ਕੇਵਲ ਤੁਹਾਥੋਂ ਹੀ ਮੰਗਾਂ । ਤੁਸੀਂ ਸਦਾ ਮੇਰੇ ਅੰਗ-ਸੰਗ ਰਹੋ ਅਤੇ ਮੇਰੇ ਮਨੋਂ ਮੌਤ ਦਾ ਡਰ ਸਦਾ ਲਈ ਹਟਾ ਦਿਓ ।" :

ਤੁਮਹਿ ਛਾਡ, ਕੋਈ ਅਵਰ ਨ ਧਿਆਊਂ ;
ਜੋ ਬਰ ਚਹੋਂ, ਸੁ ਤਮ ਤੇ ਪਾਊਂ । ੩੮੦

ਆਪ ਹਾਥ ਦੈ, ਮੁਝੈ ਉਬਰਿਯੋ ;
ਮਰਨ ਕਾਲ ਕਾ, ਤ੍ਰਾਸ ਨਿਵਰਿਯੋ । ੩੯੧ .

ਇਸ 'ਬੇਨਤੀ' ਨੂੰ, ਜੋ ਹੁਣ ਸਮੂਹ ਸਿੱਖ-ਸੰਸਾਰ ਦੇ ਨਿੱਤਨੇਮ ਤੇ ਅੰਮ੍ਰਿਤ-ਪ੍ਰੋਗਰਾਮ ਦਾ ਇਕ ਅਨਿਖੱੜ ਅੰਗ ਹੈ, ਅੰਤਾਉਂਦਿਆਂ ਆਖਿਆ, "ਹੇ ਆਪਣੇ ਝੰਡੇ ਵਿਚ ਤਲਵਾਰ ਦਾ ਚਿੰਨ੍ਹ ਰਖਣ ਵਾਲੇ ਵਾਹਗੁਰੂ ! ਮੈਂ ਆਪ ਦੀ ਸ਼ਰਨ ਆ ਪਿਆ ਹਾਂ । ਮੈਨੂੰ ਆਪਣਾ ਹੱਥ ਦੇ ਕੇ ਬਚਾ ਲਵੋ । ਹਰ ਥਾਂ, ਹਰ ਸਥਿੱਤੀ ਵਿਚ ਮੇਰੀ ਸਹਾਇਤਾ ਕਰੋ ਅਤੇ ਸਭ ਦੁਸ਼ਟਾਂ ਦੋਖੀਆਂ ਤੋਂ ਬਚਾ ਲਵੋ" :

ਖੜਗਕੇਤ ! ਮੈਂ ਸਰਣਿ ਤਿਹਾਰੀ ;
ਆਪ ਹਾਥ ਦੈ ਲੇਹੁ ਉਬਾਰੀ ।
ਸਰਬ ਠੌਰ ਮੋ ਹੋਹੁ ਸਹਾਈ ;
ਦੁਸਟ ਦੋਖ ਤੇ ਲੇਹੁ ਬਚਾਈ ।੪੦੧ ।

[ਪੱਖਯਾਨ ਚਰਿੱਤ੍ਰ—੪੦੫

ਗੁਰੂਦੇਵ ਨੇ ਉਪਰੋਕਤ ਪਰੋਗਰਾਮ ਦੀ ਪੂਰਤੀ ਲਈ ਇਸ 'ਬੇਨਤੀ' ਵਿਚ ਜੋ ਵਰ ਮੰਗਿਆ, ਅਤੇ ਉਸ ਮੰਗ ਵਿਚ ਜਿਸ ਨਿਰਭੈਤਾ ਤੇ ਦ੍ਰਿੜ੍ਹਤਾ, ਨੇਕਨੀਤੀ ਤੇ ਸਵੈ-ਤਿਆਗ ਦੀ ਪਰਤੱਗਿਆ ਕੀਤੀ, ਉਹ ਵੀ ਆਪਣੀ ਮਿਸਾਲ ਆਪ ਹੈ । ਇਹ ਵਰ ਕਿਸੇ ਨਿੱਜੀ ਸੁੱਖ ਜਾਂ ਲਾਭ ਲਈ ਨਹੀਂ ਸੀ। ਇਹ ਪਰਤੱਗਿਆ ਕਿਸੇ ਵਕਤੀ ਸਥਿੱਤੀ ਜਾਂ ਖ਼ਾਸ ਸੰਸਥਾ ਲਈ ਸੀਮਿਤ ਨਹੀਂ ਸੀ । ਇਸ ਵਿਚ ਗੁਰੂ ਗੋਬਿੰਦ ਸਿੰਘ ਨੇ ਭਰਵੇਂ ਸਿਦਕ ਤੇ ਭਰਪੂਰ ਸ਼ਰਧਾ ਨਾਲ ਅਕਾਲਪੁਰਖ ਨੂੰ ਸੰਬੋਧਨ ਕਰਦਿਆਂ ਆਖਿਆ, "ਰੱਬ ਜੀ ! ਮੈਨੂੰ ਇਹ ਵਰ ਦਿਉ ਕਿ ਮੈਂ ਸ਼ੁਭ ਕੰਮ ਕਰਨ ਤੋਂ ਕਦੇ ਵੀ ਨਾ ਟਲਾਂ । ਜਦੋਂ ਮੈਂ ਵੈਰੀਆਂ ਨਾਲ ਜੂਝਣ ਲਈ ਜਾਵਾਂ ਤਾਂ ਮੈਂ ਉਨ੍ਹਾਂ ਤੋਂ ਜ਼ਰਾ ਵੀ ਨਾ ਡਰਾਂ, ਅਤੇ ਆਪਣੀ ਜਿੱਤ ਉਤੇ ਪੂਰਨ ਵਿਸ਼ਵਾਸ ਰਖਾਂ । ਮੇਰੀ ਅਗਵਾਈ ਮੇਰੇ ਮਨ-ਵਿਚ-ਰਮੇ-ਹੋਏ ਤੁਸੀਂ ਹੀ ਕਰ ਰਹੇ ਹੋਵੋ ਅਤੇ ਲਾਲਚ ਮੈਨੂੰ ਕੇਵਲ ਇਸੇ ਗੱਲ ਦਾ ਹੋਵੇ ਕਿ ਮੈਂ ਸਦਾ ਆਪ ਦੇ ਹੀ ਗੁਣ ਗਾਉਂਦਾਂ ਰਹਾਂ ।ਤੇ ਜਦੋਂ ਉਮਰ ਦੀ ਮਿਆਦ ਮੁਕਣ ਤੇ ਆ ਜਾਏ, ਤਾਂ ਮੈਂ ਧਰਮ-ਯੁੱਧ ਵਿਚ ਜੂਝਦਿਆਂ ਹੀ ਆਪਣਾ ਆਪ ਨਿਛਾਵਰ ਕਰ ਦਿਆਂ :

ਦੇਹ ਸ਼ਿਵਾ ! ਬਰ ਮੋਹਿ ਇਹੈ,
ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ ।
ਅਰ ਡਰੋਂ [1]ਅਰਿ ਸੌਂ ਜਬ ਜਾਇ ਲਰੋਂ.
ਨਿਸਚੇ ਕਰ ਅਪਨੀ ਜੀਤ ਕਰੋਂ ।

---
1 ਵੈਰੀ, ਦੁਸ਼ਮਣ ।

ਅਰ [1]ਸਿੱਖ ਹੌਂ ਅਪਨੇ ਹੀ ਮਨ ਕੋ,
ਇਹ ਲਾਲਚ ਹਉ ਗੁਨ ਤਉ ਉਚਰੋਂ ।
ਜਬ [2]ਆਵ ਕੀ [3]ਅਉਧ ਨਿਦਾਨ ਬਨੈ,
ਅਤਿ ਹੀ ਰਨ ਮੈ ਤਬ ਜੂਝ ਮਰੋਂ । ੧੭ ।

[ਚੰਡੀ ਚਰਿੱਤ੍ਰ

ਅਜਿਹਾ ਕੌਮੀ ਗੀਤ, ਨਹੀਂ ਸੱਚ ਕੌਮਾਂਤਰੀ ਗੀਤ, ਘਟੋ-ਘਟ ਹਿੰਦੁਸਤਾਨ ਨੇ ਤਾਂ ਪਹਿਲਾਂ ਕਦੇ ਨਹੀਂ ਸੀ ਸੁਣਿਆ । ਅਜਿਹਾ ਦ੍ਰਿੜ੍ਹ ਪ੍ਰੱਣ ਤੇ ਵਿਸ਼ਾਲ ਪਰਤਿੱਗਿਆ ਉਨ੍ਹਾਂ ਤੋਂ ਬਾਅਦ ਵੀ, ਅਜੇ ਤਕ, ਸ਼ਾਇਦ ਹੀ ਕਿਸੇ ਹੋਰ ਨੇ ਲਈ ਹੋਵੇ । ਤੇ ਜੇ ਲਈ ਵੀ ਹੈ ਤਾਂ ਇੰਨ-ਬਿੰਨ ਇਉਂ ਏਲਾਨ ਕਰ ਕੇ, ਆਪਣਾ ਆਪਾ ਤੇ ਸਰਬੰਸ ਵਾਰ ਕੇ ਨਿਭਾਹੀ ਨਹੀਂ ਹੋਣੀ ।

ਅਸਲ ਵਿਚ ਜਿੰਨੀ ਦੀਰਘ ਸਮੱਸਿਆ ਸੀ, ਉੱਨੀ ਹੀ ਵੱਡੀ ਪਰਤਿੱਗਿਆ ; ਜਿਨੀ ਭਾਰੀ ਜ਼ਿੰਮੇਂਵਾਰੀ ਸੀ, ਉੱਨੇ ਹੀ ਵਿਸ਼ਾਲ ਹੌਸਲੇ ; ਜਿੰਨੀ ਕਰੜੀ ਮੁਸੀਬਤ ਸੀ, ਉੱਨੀ ਹੀ ਤਕੜੀ ਹਿੰਮਤ ; ਜਿੰਨੀ ਬਿਖੜੀ ਹਾਲਤ ਸੀ, ਉੱਨੀ ਹੀ ਸਿਆਣੀ ਨੀਤੀ ; ਅਤੇ ਜਿੰਨੀ ਹੀ ਸੋਕਮਈ ਢਹਿੰਦੀ-ਕਲਾ ਸੀ, ਉੱਨੀ ਹੀ ਓਜਮਈ ਚੜ੍ਹਦੀ ਕਲਾ-ਨਾਲ ਇਹ ਅਨੋਖਾ ਉਦੇਸ਼, ਕਠਨ ਯੋਜਨਾ ਤੇ ਵਿਸ਼ਾਲ ਪਰੋਗਰਾਮ ਲੈ ਕੇ ਬਾਲ-ਗੁਰੂ ਮੈਦਾਨ ਵਿਚ ਨਿਤਰ ਆਏ । ਗੁਰੂ-ਪਿਤਾ ਦੀ ਸ਼ਹੀਦੀ ਇਸ ਦੀ ਸੰਚਾਲਿਕ ਸ਼ਕਤੀ (motive force) ਬਣ ਗਈ ਅਤੇ ਉਨ੍ਹਾਂ ਦਾ ਅਟੱਲ ਬਚਨ —'ਨਾ ਕਿਸੇ ਤੋਂ ਡਰਨਾ, ਨਾ ਕਿਸੇ ਨੂੰ ਡਰਾਣਾ'— ਇਸ ਦਾ ਧੁਰਾ ਬਣ ਗਿਆ :

ਭੈ ਕਾਹੂ ਕਉ ਦੇਤ ਨਹਿ
ਨਹਿ ਭੈ ਮਾਨਤ ਆਨਿ ।

[ਸਲੋਕ ਮਹਲਾ ੯-੧੬

[1]ਸਿੱਖਿਆ ਉਪਦੇਸ਼ ।
[2]ਉਮਰ ।
[3]ਹੱਦ, ਸੀਮਾ ।

# ੬

ਸਭ ਤੋਂ ਪਹਿਲਾਂ, ਉਨ੍ਹਾਂ ਗੁਰੂ ਨਾਨਕ ਦੀ ਫੁਲਵਾੜੀ ਵਲ ਨਜ਼ਰ ਮਾਰੀ। ਭਾਈ ਲੱਖੀ ਸ਼ਾਹ ਦੀ ਸੁਣਾਈ ਵਾਰਤਾ ਤੋਂ ਇਹਦਾ ਭਵਿੱਖ ਬੜਾ ਧੁੰਧਲਾ ਤੇ ਨਿਰਾਸ਼ਾਜਨਕ ਜਾਪਿਆ। ਦੇਸ਼-ਵਾਸੀਆਂ ਦੀ ਦਾਸ-ਭਾਵਨਾ ਤੇ ਕ੍ਰਿਤਘਣਤਾ, ਅਤੇ ਸਿਖ-ਸੇਵਕਾਂ ਦੀ ਭੈਭੀਤਤਾ ਤੇ ਨਿਰਾਸ਼ਤਾ ਨੇ ਸਾਫ਼ ਪਰਗਟ ਕਰ ਦਿੱਤਾ ਕਿ ਇਸ ਨੂੰ ਹੁਣ ਤਾਂ ਅਜਿਹੀ "ਢਾਹ" ਲਗ ਗਈ ਹੈ ਜੋ ਕੋਈ ਕਲਾਧਾਰੀ ਤੇ ਇਨਕਲਾਬੀ ਲਹਿਰ ਚਲਾਉਣ ਨਾਲ ਹੀ ਠਲ੍ਹੀ ਜਾ ਸਕਦੀ ਹੈ। ਇਹ ਲਹਿਰ, ਇਕ ਪਾਸੇ ਤਾਂ ਬਦੇਸ਼ੀ ਰਾਜ ਦਾ ਬਿਜਤਤ: ਗੋਲ ਕਹੇ ਤਾਂ ਜੋ ਫਿਰ ਕੋਈ ਜਾਬਰ ਬਾਦਸ਼ਾਹ ਇਸ ਦੇਸ਼ ਦੀਆਂ ਪਤਮੁਖ ਤੇ ਪਵਿੱਤਰ ਆਤਮਾਵਾਂ ਨੂੰ ਆਪਣੀ ਤੰਗਦਿਲੀ ਤੇ ਬੇਰਹਿਮੀ ਦਾ ਨਿਸ਼ਾਨਾ ਬਣਾਉਣ ਦੀ ਜੁਰਅੱਤ ਹੀ ਨਾ ਕਰ ਸਕੇ; ਤਾਂ ਜੋ ਇਸ ਦੇਸ਼ ਦੀ ਸਭਿਅਤਾ ਤੇ ਸਭਿਆਚਾਰ ਨੂੰ ਮਲੀਆਮੇਟ ਕਰਨ ਦਾ ਮੂੜ ਕਿਸੇ ਦਾ ਹੀਆ ਹੀ ਨਾ ਪੈ ਸਕੇ; ਤਾਂ ਜੋ ਦੇਸ਼-ਵਾਸੀਆਂ ਦੀ ਦਾਸ-ਭਾਵਨਾ ਤੇ ਢਹਿੰਦੀ ਕਲਾ ਦੀ ਮੂਲੋਂ ਹੀ ਕਾਇਆਂ-ਕਲਪ ਹੋ ਸਕੇ; ਤਾਂ ਜੋ "ਗਊਆਂ ਦੇ ਵੱਗ" ਨੂੰ ਫਿਰ ਕਿਸੇ "ਸ਼ਕਤੇ ਸ਼ੀਂਹ" ਦੇ ਪੈਰਾਂ ਹੇਠ ਲਿਤੜੀਂਦਿਆਂ ਤੇ ਕੁਰਲਾਉਂਦਿਆਂ ਵੇਖ ਕੇ. ਮਨੁੱਖਤਾ ਦੇ ਉਸਰੱਈਏ, ਗੁਰੂ ਨਾਨਕ, ਨੂੰ ਗਿਲਾ ਨਾ ਕਰਨਾ ਪਏ :

ਰੱਬ ਜੀ !
"ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦ ਨ ਆਇਆ ?"

( ਰਾਗ ਆਸਾ, ੩੬੦

ਇਹ ਲਹਿਰ, ਦੂਜੇ ਪਾਸੇ, ਗੁਰੂ ਨਾਨਕ ਦੀ ਸਿੱਖੀ ਨੂੰ ਜਥੇਬੰਦ ਕਰ ਕੇ ਇਕ ਅਜਿਹੇ 'ਪੰਥ' ਦਾ ਰੂਪ ਦੇ ਦੇਵੇ ਜੋ ਸਮੁੱਚੇ ਸੰਸਾਰ ਤੋਂ ਨਿਆਰਾ ਹੋਵੇ; ਜਿਹਦੇ ਅਨੁਆਈ ਸਾਰ ਜਹਾਨ ਵਿਚ ਵਿਕੋਲਿਤਰੇ ਜਾਪਣ; ਜੋ ਅਜਿਹੀ ਸਦੀਵੀ ਤੇ ਵਖਰਿਆਵੀਂ ਵਰਦੀ ਵਿਚ ਵਿਚਰਨ ਕਿ ਉਹ ਲੱਖਾਂ ਦੀ ਭੀੜ ਵਿਚ ਵੀ ਪਛਾਣੇ ਜਾ ਸਕਣ; ਜੋ ਕਿਸੇ ਸੰਕਟ (crisis) ਸਮੇਂ ਇਹ ਕਹਿਣ ਦੀ ਦਲੇਰੀ ਹੀ ਨਾ ਕਰ ਸਕਣ ਕਿ ਸਾਡਾ ਗੁਰੂ-ਘਰ ਨਾਲ ਕਿਸੇ ਤਰ੍ਹਾਂ ਦਾ ਕੋਈ ਸੰਬੰਧ ਨਹੀਂ; ਜੋ ਕਦੇ ਕੋਈ ਭੀੜਾ ਪੈਣ ਤੇ, ਨਾ ਤਾਂ ਆਪਣੀ ਸ਼ਨਾਖ਼ਤ (identity) ਲੁਕਾ ਸਕਣ ਤੇ ਨਾ ਹੀ ਗੁਰੂ-ਘਰ ਨਾਲ ਅਸੰਬੰਧਿਤ

ਹੋਣ ਦਾ ਕੋਈ ਭੁਲੇਖਾ ਹੀ ਪਾ ਸਕਣ । ਅਜਿਹੇ ਲੋਕਾਂ ਵਿਚ ਅਜਿਹੀ ਨਿਡਰਤਾ ਫੂਕ ਦਿਤੀ ਜਾਏ ਕਿ ਉਹ "ਮੌਤ ਨਾਲ ਵੀ ਮਖ਼ੌਲਾਂ ਕਰਨ" ਦੇ ਸਮਰਥ ਹੋ ਜਾਣ; ਉਨ੍ਹਾਂ ਵਿਚ ਅਜਿਹੀ ਸੂਰਬੀਰਤਾ ਭਰ ਦਿੱਤੀ ਜਾਏ ਕਿ ਦੇਸ਼-ਕੌਮ ਦੀ ਅਣਖ਼ ਬਚਾਉਣ ਲਈ ਉਨ੍ਹਾਂ ਵਿੱਚੋਂ ਇਕ ਇਕ ਸਵਾ-ਸਵਾ ਲੱਖ ਨਾਲ ਟੱਕਰ ਲੈਣ ਲਈ ਉਤਾਵਲਾ ਹੋਵੇ; ਅਤੇ ਜੋ ਮਨੁੱਖੀ ਹੱਕਾਂ ਦੀ ਰਾਖੀ ਕਰਨ ਤੇ ਜਬਰ-ਅਨਿਆਂ ਵਿਰੁੱਧ ਡੱਟਣ ਲਈ ਸਦਾ ਤਿਆਰ-ਬਰ-ਤਿਆਰ ਰਹਿਣ ।

ਕਹਿੰਦੇ ਹਨ, ਇਹ ਕੁਝ ਸੁਣਦਿਆਂ ਤੇ ਸੋਚਦਿਆਂ, ਬਾਲ-ਗੁਰੂ ਇਕ ਅਨੂਠੇ ਜਲਾਲ ਵਿਚ ਆ ਗਏ । ਉਨ੍ਹਾਂ ਦੀ ਰੂਹ ਥਰਕੀ, ਹਿੱਕ ਫਰਕੀ ਤੇ ਅੱਖਾਂ ਲਿਸ਼ਕੀਆਂ । ਡੌਲਿਆਂ ਵਿਚ ਜੁੰਬਸ਼ ਆਈ, ਅਤੇ ਇਕ ਅਨੂਪਮ ਚੜ੍ਹਦੀ-ਕਲਾ ਤੇ ਗਰਜਵੀਂ ਆਵਾਜ਼ ਵਿਚ ਉਨ੍ਹਾਂ ਏਲਾਨ ਕੀਤਾ :

ਸ੍ਰੀ ਗੋਬਿੰਦ ਸਿੰਘ ਸੁਨਿ ਕਰਿ ਐਸੇ, ਗਰਜਤ ਬੋਲੈ [1]ਜਲਧਰ ਜੈਸੇ ।
"ਇਸ ਬਿਧ ਕੋ ਅਬ ਪੰਥ ਬਨਾਵੌਂ, [2]ਸਕਲ ਜਗਤ ਮਹਿ ਬਹੁ [3]ਬਿਦਤਾਵੌਂ ।
ਲਾਖਹੁੰ ਨਰ ਜਗ ਕੇ ਇਕ ਥਾਇੰ, ਤਿਨ ਮਹਿ ਮਿਲੈ ਏਕ ਸਿਖ ਜਾਇ ।
ਸਭ ਮਹਿ [4]ਪ੍ਰਿਥਕ ਪਛਾਨਯੋ ਪਰੇ, ਰਲੈ ਨ ਕਯੋਹੂੰ ਕੈ ਸਿਹੁੰ ਕਰੇ ।
[5]ਜਥਾ [6]ਬਕਨ ਮਹਿਂ ਹੰਸ ਨ ਛਪੈ, ਗ੍ਰਿਝਨਿ [7]ਬਿਖੈ ਮੋਰ [8]ਜਿਮ [9]ਦਿਪੈ ।
ਜਯੋਂ [10]ਖਰਗਨ ਮਹਿਂ ਬਲੀ [11]ਤੁਰੰਗ, ਜਥਾ [12]ਮ੍ਰਿਗਨ ਮਹਿਂ [13]ਕੇਹਰਿ ਅੰਗ ।
[14]ਤਿਮ ਨਾਨਾ ਭੇਖਨ ਕੇ ਮਾਹਿਂ, ਮਮ ਸਿਖ ਕੋ ਸਗਲੇ ਪਰਖਾਹਿ ।"੨

[ਸੂਰਜ ਪ੍ਰਕਾਸ਼, ੧—੭

ਭਾਈ ਸੰਤੋਖ ਸਿੰਘ ਦਸਦੇ ਹਨ ਕਿ ਇਹ ਅਚਨਚੇਤ ਤੇ ਚੜ੍ਹਦੀ-ਕਲਾ-ਪੂਰਤ ਬਚਨ ਸੁਣਦਿਆਂ ਹੀ, ਸਰੋਤੇ ਵਿਸਮਾਦ ਵਿਚ ਆ ਗਏ :

ਸੁਨਤਿ ਸਭਾ ਸਭ ਬਿਸਮੈ ਹੋਈ;
ਬਾਕ ਅਚਾਨਕ ਜਾਨਤਿ ਸੋਈ । *

[ਸੂਰਜ ਪ੍ਰਕਾਸ਼, ਪੰਨਾ ੪੫੨੩

ਬਚਨ ਕਰਨਾ ਤਾਂ ਆਸਾਨ ਹੁੰਦਾ ਹੈ, ਪਰ ਉਸ ਨੂੰ ਨਿਭਾਹੁਣਾ ਮੁਸ਼ਕਲ, ਤੇ ਕਈ ਵਾਰ ਅਸੰਭਵ ਹੁੰਦਾ ਹੈ । ਨੌਂ ਵਰ੍ਹੇ ਦੀ ਬਾਲ-ਉਮਰੇ ਕੀਤੇ ਇਸ ਇਤਿਹਾਸਿਕ ਬਚਨ ਨੂੰ ਨਿਭਾਹੁਣ ਲਈ, ਗੁਰੂ ਗੋਬਿੰਦ ਸਿੰਘ ਨੇ ਅਜਿਹੀ ਘੋਰ ਸਾਧਨਾ ਕੀਤੀ; ਇਸ ਵਿਚ ਅੰਕਿਤ

---

1. ਬੱਦਲ 2. ਸਾਰੇ 3. ਪਰਗਟ ਕਰਾਂ 4. ਪਹਿਲੋਂ; ਵਖਰਾ 5. ਜਿਵੇਂ 6. ਬਗਲਿਆਂ 7. ਵਿਚ 8. ਜਿਵੇਂ 9. ਲਿਸ਼ਕਦਾ ਹੈ, ਦਿਸਦਾ ਹੈ 10. ਖੋਤਿਆਂ 11. ਘੋੜਾ 12. ਹਿਰਨ 13. ਸ਼ੇਰ 14. ਤਿਵੇਂ ।

੨. ਵੇਖੋ : "ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਸੰਪਾਦਿਤ ਡਾ. ਭਾਈ ਵੀਰ ਸਿੰਘ, ਪਹਿਲੀ ਛਾਪ, ਅੰਮ੍ਰਿਤਸਰ, ੧੯੩੧, ਜਿਲਦ ੧੧, ਪੰਨਾ ੪੫੨੩. ਰੁੱਤ ਪਹਿਲੀ, ਅੰਕ ੭.

ਇਨਕਲਾਬੀ ਪਰੋਗਰਾਮ੧ ਨੂੰ ਅਮਲੀ ਜਾਮਾ ਪਹਿਨਾਉਣ ਲਈ ਅਜਿਹੀ ਬਿਖਮ ਘਾਲ ਘਾਲੀ ; ਇਨ੍ਹਾਂ ਉਤੇ ਅੰਤਿਮ ਸੁਆਸਾਂ ਤਕ ਪਹਿਰਾ ਦੇਣ ਲਈ, ਕੁਰਬਾਨੀਆਂ ਦਾ ਅਜਿਹਾ 'ਚੱਕਰ' ਚਲਾਇਆ, ਕਿ ਉਸ ਦੀ ਕੋਈ ਹੋਰ ਮਿਸਾਲ ਮਨੁੱਖ ਦਾ ਇਤਿਹਾਸ ਅਜੇ ਤਕ ਪੇਸ਼ ਨਹੀਂ ਕਰ ਸਕਿਆ ।

ਇਹ ਓਹੀ ਪਰੋਗਰਾਮ ਤੇ ਪਰਾਪਤੀ ਹੈ, ਜਿਸ ਵਲ ਪੌਣੇ ਦੋ ਸੌ ਵਰ੍ਹੇ ਬਾਅਦ ਸੰਕੇਤ ਕਰਦਿਆਂ, ਕੰਨਿਘਮ ਨੇਆਖਿਆ ਸੀ :

"........he effectually roused the dormant energies of a vanquished people, and filled them with a lofty although fitful longing for social freedom and national ascendancy, the true adjuncts of that purity of worship which had been preached by Nanak. Gobind saw what was yet vital and resumed it with Promethean fire".[1]

---

੧ ਦੇਖੋ: Cunningham, J. D., *History of the Sikhs*, from the origion of the Nation to the battles of the Sutlej, London, 1849, p. 84.

## ੭

ਗੁਰੂ ਗੋਬਿਦ ਸਿਘ ਨੇ "ਕਾਇਆਂ-ਕਲਪ" ਦੇ ਇਸ ਵਿਸ਼ਾਲ ਤੇ ਵਿਆਪਕ ਪ੍ਰੋਗਰਾਮ ਵਿਚ, ਸਭ ਤੋਂ ਪਹਿਲਾਂ ਮਾਨਸਿਕ ਅਵਸਥਾ ਨੂੰ ਸੋਧਣ ਦਾ ਬੀੜਾ ਚੁਕਿਆ ।

ਸਦੀਆਂ ਦੀ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਗ਼ਲਾਮੀ ਨੇ ਹਿਦੁਸਤਾਨੀ ਦਿਲ-ਦਿਮਾਗ਼ ਨੂੰ ਬੋਦਾ ਤੇ ਸਿਥਲ ਬਣਾ ਦਿੱਤਾ ਸੀ । ਦਸ਼ਮੇਸ਼ ਦਾ ਨਿਸ਼ਚਾ ਸੀ ਕਿ ਤਕੜੇ ਦਿਲ ਤੇ ਨਰੋਏ ਮਨ ਹੀ ਸਰੀਰਾਂ ਦੀ ਸ਼ਕਤੀ ਤੇ ਅਰੋਗਤਾ ਦਾ ਆਧਾਰ ਹੁੰਦੇ ਹਨ ; ਅਤੇ ਤਕੜੇ ਤਨਾਂ ਤੇ ਨਰੋਏ ਮਨਾਂ ਵਾਲੇ ਸੂਰਮੇ ਹੀ ਦੇਸ਼ਾਂ ਦੀ ਕਾਇਆਂ ਤੇ ਕੌਮਾਂ ਦੀ ਕਿਸਮਤ ਬਦਲ ਸਕਦੇ ਹਨ ।

ਇਸੇ ਲਈ ਉਨ੍ਹਾਂ ਨੇ ਬੜਾ ਨਿਗਰ ਤੇ ਨਰੋਆ, ਉਸਾਰੂ ਤੇ ਉਭਾਰੂ ਸਾਹਿਤ ਲਿਖਣਾ ਤੇ ਲਿਖਵਾਉਣਾ ਸ਼ੁਰੂ ਕੀਤਾ ; ਤਾਂ ਜੋ ਉਹਦੀ ਸਹਾਇਤਾ ਨਾਲ ਦੇਸ਼-ਵਾਸੀਆਂ ਦੇ ਮਨ ਤੇ ਤਨ ਨੂੰ ਇਕ-ਸੁਰ ਕਰ ਕੇ, ਉਨ੍ਹਾਂ ਦੀਆਂ ਅੰਤਰੀਵ ਮਾਨਸਕ ਸ਼ਕਤੀਆਂ ਨੂੰ ਟੁੰਬ ਕੇ, ਉਨ੍ਹਾਂ ਦੇ ਦਿਲ-ਦਿਮਾਗ਼ ਨੂੰ ਹੰਗਾਲ ਕੇ, ਉਨ੍ਹਾਂ ਵਿਚ ਨਵੀਂ ਰੂਹ ਤੇ ਚੜ੍ਹਦੀ-ਕਲਾ ਫੂਕੀ ਜਾ ਸਕੇ ; ਅਤੇ ਫਿਰ ਉਸ ਦੇ ਸਹਿਚਾਰ ਨਾਲ ਉਨ੍ਹਾਂ ਦੇ ਬੁਸੇ-ਪੁਰਾਣੇ ਪਿੰਜਰਾਂ ਵਿਚ ਸਦੀਆਂ ਤੋਂ ਜੰਮੇ ਹੋਏ ਖ਼ੂਨ ਨੂੰ ਹਿਲਾਇਆ ਤੇ ਗਰਮਾਇਆ ਜਾ ਸਕੇ ।

ਪੰਜਾਬੀ ਦਿਲਾਂ ਦੇ ਤਰਜਮਾਨ, ਵਾਰਸ ਸ਼ਾਹ, ਨੇ ਇਕ ਥਾਂ ਆਖਿਐ :

> ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ,
> ਭਾਵੇਂ ਕਟੀਏ ਪੋਰੀਆਂ-ਪੋਰੀਆਂ ਜੀ ।

[ਕਿੱਸਾ ਹੀਰ-ਰਾਂਝਾ

ਕਿਸੇ ਇਕ ਬੰਦੇ ਦੀ ਕੋਈ ਆਦਤ ਜਾਂ ਰੁਚੀ ਬਦਲਣੀ ; ਉਸ ਦੇ ਸੁਭਾ ਜਾਂ ਆਚਰਨ ਨੂੰ ਢਾਲਣਾ-ਸੰਵਾਰਨਾ ਕੋਈ ਮਾਮੂਲੀ ਕੰਮ ਨਹੀਂ । ਪਰ ਜਿਥੇ ਸਾਰਾ ਆਵਾ ਹੀ ਊਤਿਆ ਹੋਵੇ ; ਸਾਰੀ ਕੌਮ ਦਾ ਆਚਰਨਕ ਢਾਂਚਾ ਹੀ ਵਿਗੜਿਆ ਹੋਵੇ, ਉਸ ਨੂੰ ਢਾਲਣ-ਸੰਵਾਰਨ ਲਈ ਜਿਨੀ ਸੂਝ, ਸਿਆਣਪ, ਕਲਪਨਾ, ਪਰੇਰਨਾ, ਹਿੰਮਤ ਤੇ ਅਗਵਾਈ ਦੀ ਲੋੜ ਹੈ, ਹਮਾਤੜਾਂ ਲਈ ਤਾਂ ਉਸ ਦਾ ਜਾਇਜ਼ਾ ਲੈਣਾ ਵੀ ਕਠਨ ਹੈ ।

ਗੁਰੂ ਗੋਬਿੰਦ ਸਿੰਘ ਨੇ ਇਸੇ ਲਈ ਪਾਉਂਟੇ ਦੀ ਰਮਣੀਕ ਵਾਦੀ ਵਿਚ ਇਕ

ਅਜਿਹਾ ਸਾਹਿਤ ਰਚਣਾ ਤੇ ਰਚਵਾਉਣਾ ਸ਼ੁਰੂ ਕੀਤਾ ਜੋ ਇਹ ਸਭ-ਕੁਝ-ਕਰਨ ਦੇ ਸਮਰਥ ਸੀ । ਇਸ ਵਿਚ ਉਨ੍ਹਾਂ ਨੇ ਰੱਬ ਤੇ ਮਨੁੱਖ ਸੰਬੰਧੀ ਅਜਿਹਾ ਨਵਾਂ ਤੇ ਨਰੋਆ ਸੰਕਲਪ ਪੇਸ਼ ਕੀਤਾ; ਉਸ ਨੂੰ ਬੀਰ-ਰਸ ਤੇ ਕੌਮੀ ਜਜ਼ਬੇ ਦੀ ਅਜਿਹੀ ਪੁਠ ਚਾੜ੍ਹੀ; ਉਸ ਰਾਹੀਂ ਲੋਕ-ਵੈਰੀਆਂ ਨੂੰ ਅਜਿਹਾ ਵੰਗਾਰਿਆ ਤੇ ਲੋਕ-ਹਿੱਤਾਂ ਨੂੰ ਅਜਿਹੀ ਜ਼ਬਾਨ ਦਿੱਤੀ ਕਿ ਉਸ ਨੂੰ ਪੜ੍ਹਨ-ਸੁਣਨ ਵਾਲਿਆਂ ਦੇ ਦਿਲ ਵਿਚ ਨਵੇਂ ਚਾਅ, ਨਵੀਆਂ ਤਾਂਘਾਂ ਤੇ ਨਵੇਂ ਇਰਾਦੇ ਉਮਕਣ ਤੇ ਉਮਡਣ ਲਗ ਪਏ । ਛੂਤ-ਛਾਤ, ਵਰਨਣ-ਵਿਤਕਰੇ, ਭਰਮ-ਜਾਲ ਤੇ ਸੰਪਰਦਾਇਕ ਮਤ-ਭੇਦਾਂ ਵਿਚ ਉਲਝੇ ਹੋਏ 'ਖਹਿ-ਖਹਿ ਮਰਦੇ' ਲੋਕਾਂ ਨੂੰ ਨਿਰਭੈ ਤੇ ਨਿਰਵੈਰ ਗੁਰੂ ਗੋਬਿੰਦ ਸਿੰਘ ਨੇ ਹੀ ਇਹ ਦਸਿਆ :

ਕੋਊ ਭਇਓ ਮੁੰਡੀਆ, ਸੰਨਿਆਸੀ ਕੋਊ ਜੋਗੀ ਭਇਓ;
ਕੋਊ ਬ੍ਰਹਮਚਾਰੀ, ਕੋਊ ਜਤੀ ਅਨੁਮਾਨਬੋ ।
ਹਿੰਦੂ ਕੋਊ, ਤੁਰਕ ਕੋਊ, ਰਾਫ਼ਜ਼ੀ, ਇਮਾਮ ਸ਼ਾਫ਼ੀ;
ਮਾਨਸ ਕੀ ਜਾਤ ਸਭੈ, ਏਕੈ ਪਹਿਚਾਨਬੋ ।
ਕਰਤਾ ਕਰੀਮ ਸੋਈ, ਰਾਜ਼ਕ ਰਹੀਮ ਓਹੀ;
ਦੂਸਰੋ ਨ ਭੇਦੁ ਕੋਈ, ਭੂਲਿ ਭ੍ਰਮ ਮਾਨਬੋ ।
ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕੁ;
ਏਕ ਹੀ ਸਰੂਪ, ਸਭੈ ਏਕੈ ਜੋਤਿ ਜਾਨਬੋ । ੧੫/੮੫

(ਅਕਾਲ ਉਸਤਤਿ

ਮਾਨਵ-ਪਿਆਰ ਤੇ ਵਿਸ਼ਵ-ਏਕਤਾ ਦਾ ਅਜਿਹਾ ਅਦੁੱਤੀ ਤੇ ਇਨਕਲਾਬੀ ਨਾਅਰਾ ਲਾਉਣ ਵਾਲੇ ਨੇ ਫਿਰ ਕੇਵਲ ਇਥੇ ਹੀ ਬਸ ਨਹੀਂ ਕੀਤੀ; ਸਗੋਂ ਨਿਧੜਕ ਹੋ ਕੇ ਇਹ ਵੀ ਆਖਿਆ :

ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ ਓਹੀ,
ਮਾਨਸ ਸਭੈ ਏਕ, ਪੈ ਅਨੇਕ ਕੋ ਭ੍ਰਮਾਉ ਹੈ ।
ਦੇਵਤਾ, ਅਦੇਵ, ਜੱਛ, ਗੰਧਰਬ, ਤੁਰਕ, ਹਿਦੂ;
ਨਿਆਰੇ ਨਿਆਰੇ ਦੇਸਨ ਕੇ, ਭੇਸ ਕੋ ਪ੍ਰਭਾਉ ਹੈ ।
ਏਕੈ ਨੈਨ, ਏਕੈ ਕਾਨ, ਏਕੈ ਦੇਹ, ਏਕੈ ਬਾਨ;
ਖ਼ਾਕ, ਬਾਦ, ਆਤਿਸ਼ ਔ, ਆਬ ਕੋ ਰਲਾਉ ਹੈ ।
ਅੱਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਹੀ,
ਏਕ ਹੀ ਸਰੂਪ, ਸਭੈ ਏਕ ਹੀ ਬਨਾਉ ਹੈ । ੧੬/੮੬

[ਅਕਾਲ ਉਸਤਤਿ

ਇਕਈਸ਼ਵਰਤਾ (Oneness of God) ਤੇ ਭਰਾਤਰੀਪੁਣੇ (Brotherhood

of Man) ਦੇ ਇਸ ਅਲੌਕਿਕ ਪਰ ਸੱਚੇ ਤੇ ਵਿਗਿਆਨਕ ਵਰਨਣ ਨੇ ਉਨ੍ਹਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ । ਬੁੱਧੂ ਸ਼ਾਹ ਵਰਗੇ ਮੁਸਲਮਾਨ ਪੀਰ ਧਰਮ-ਯੁੱਧ ਦਾ ਨਗਾਰਾ ਵਜਦਿਆਂ ਹੀ, ਆਪਣੇ ਬੱਚਿਆਂ ਤੇ ਮੁਰੀਦਾਂ ਦੀ ਆਹੂਤੀ ਪਾਉਣ ਲਈ ਨਿਤਰ ਆਏ । ਭਾਈ ਘੱਨਈਏ ਵਰਗੇ ਸਿਦਕੀ ਸਿੱਖ ਰਣਭੂਮੀ ਵਿਚ ਤਿਹਾਏ ਮਰ ਰਹੇ ਮੁਗ਼ਲ ਜਾਬਰਾਂ ਨੂੰ ਵੀ ਪਾਣੀ ਪਿਲਾਉਣ ਲਈ ਤਤਪਰ ਹੋ ਗਏ ।

'ਅਕਾਲ ਉਸਤਤਿ' ਦੇ ਨਾਲ ਨਾਲ, 'ਚੰਡੀ ਦੀ ਵਾਰ' ਵਰਗੀਆਂ ਬੀਰ-ਰਸ-ਪੂਰਤ ਕਿਰਤਾਂ ਪੜ੍ਹਨ-ਸੁਣਨ ਵਾਲੇ ਜਨ-ਸਾਧਾਰਨ ਦੀ ਢਹਿੰਦੀ-ਕਲਾ ਨੇ ਚੜ੍ਹਦੀ-ਕਲਾ ਦਾ ਰੁਖ਼ ਫੜਿਆ । ਉਨ੍ਹਾਂ ਵਿਚ ਵੀ ਲੜਨ-ਮਰਨ ਦੀ ਦਲੇਰੀ ਤੇ ਕੁਝ-ਕਰ-ਵਿਖਾਉਣ ਦੀ ਇੱਛਾ ਜਾਗ ਪਈ । ਗੁਰੂ ਨੇ ਜੁ ਆਖਿਆ ਸੀ :

ਅਵਰ ਵਾਸਨਾ ਨਾਹਿ ਪ੍ਰਭੁ,
ਧਰਮ ਜੁਧ ਕੋ ਚਾਇ ।

[ਭਾਗਵਤ—੧੦

ਗੁਰੂ ਦਾ ਇਹ "ਧਰਮ-ਜੁਧ ਕੋ ਚਾਉ" ਇਕ ਲਹਿਰ ਵਾਂਗ ਸਾਰੇ ਚੌਗਿਰਦੇ ਵਿਚ ਪਸਰ ਗਿਆ ।

ਇਸੇ ਲਈ ਅਜਿਹੀ ਮਾਨਸਿਕ ਜਾਗਰਤੀ ਪੁੰਗਰਨ ਤੇ ਚੜ੍ਹਦੀ-ਕਲਾ ਪਸਰਨ ਦੇ ਨਾਲ ਨਾਲ, ਸਰੀਰਿਕ ਤਿਆਰੀ ਵੀ ਸ਼ੁਰੂ ਹੋ ਗਈ । ਪਾਉਂਟਾ ਤੇ ਆਨੰਦਪੁਰ ਅਜਿਹੀ ਤਿਆਰੀ ਲਈ ਅਭਿਆਸ-ਕੇਂਦਰ ਬਣ ਗਏ । ਜਨਮ ਤੋਂ ਹੀ ਨਿਤਾਣੇ ਤੇ ਨਿਮਾਣੇ ਬੰਦੇ, ਗੁਰੂ ਗੋਬਿਦ ਸਿਘ ਦੀ ਅਗਵਾਈ ਹੇਠ ਬੀਰਾਂ-ਬਹਾਦਰਾਂ ਦੇ ਕੰਮ ਕਰਨ ਲਗ ਪਏ । ਸੁੱਖਣਾਂ ਤੇ ਸੁਗਾਤਾਂ ਲਿਆਣ ਵਾਲਿਆਂ ਨੂੰ ਸੈਨਿਕ ਸਾਮਾਨ ਭੇਟਾ ਕਰਨ ਦਾ ਹੁਕਮ ਹੋ ਗਿਆ । ਦੇਸ਼-ਧਰਮ ਤੋਂ ਜਾਨਾਂ ਘੋਲ-ਘੁਮਾਉਣ ਵਾਲੇ ਜਵਾਨ ਇਕੱਤਰ ਹੋਣ ਲਗ ਪਏ। ਫਿਰ ਨਿਸ਼ਾਨ ਝੂਲਣੇ, ਨਗਾਰੇ ਵਜਣੇ ਤੇ ਸ਼ਸਤਰ ਲਿਸ਼ਕਣੇ ਵੀ ਸ਼ੁਰੂ ਹੋ ਗਏ । ਹੁੰਦੇ ਵੀ ਕਿਉਂ ਨਾ, ਜਦ ਕਿ ਗੁਰੂ ਨੇ ਜੁ ਆਖ ਦਿੱਤਾ :

ਅਸਿ, ਕ੍ਰਿਪਾਨ, ਖੰਡੋ, ਖੜਗ
ਸੈਫ਼, ਤੇਗ਼, ਤਰਵਾਰ ।
ਰੱਛ ਕਰੋ ਹਮਰੀ ਸਦਾ
ਕਵਚਾਂਤਕ ਕਰਵਾਰ ।

[ਸ਼ਸ਼ਤਰ ਨਾਮ ਮਾਲਾ

ਅਜਿਹੀ ਮਾਨਸਿਕ ਤੇ ਸਰੀਰਿਕ ਤਿਆਰੀ ਦੇ ਨਾਲ ਨਾਲ, ਰੱਬ ਦੀ ਅਰਾਧਨਾ ਵੀ ਜਾਰੀ ਰਹੀ । ਪਰ ਉਹਨੂੰ ਹੁਣ "ਸਰਬ ਲੋਹ", "ਸ੍ਰੀ ਅਸਕੇਤ", "ਖੜਗਕੇਤ" ਤੇ "ਪ੍ਰਿਥਮ

ਭਗਉਤੀ'' ਕਹਿ ਕੇ ਧਿਆਇਆ ਜਾਣ ਲਗ ਪਿਆ । ਸਾਰੇ ਆਲੇ-ਦੁਆਲੇ ਵਿਚ ਹੁਣ ਤਾਂ ''ਤੇਗ'', ਦੀ ਹੀ ਜੈ ਹੋਣ ਲਗ ਪਈ :

ਖਗਖੰਡ ਬਿਹੰਡੰ,[1] ਖਲ ਦਲ ਖੰਡੰ[2] ;
ਅਤਿ ਰਣ [3]ਮੰਡੰ, [4]ਬਰਵੰਡ ।
[5]ਭੁਜਦੰਡ ਅਖੰਡੰ, ਤੇਜ ਪ੍ਰਚੰਡੰ ;
ਜੋਤਿ ਅਮੰਡੰ,[6] ਭਾਨੁ ਪ੍ਰਭੰ[7] ।
ਸੁਖ ਸੰਤਾਂ ਕਰਣੰ, ਦੁਰਮਤਿ ਦਰਣੰ ;
[8]ਕਿਲਬਿਖ ਹਰਣੰ, [9]ਅਸਿ ! ਸਰਣੰ ।
ਜੈ ਜੈ ਜਗ ਕਾਰਣ, ਸ੍ਰਿਸਟਿ ਉਬਾਰਣ ;
ਮਮ ਪ੍ਰਤਿਪਾਰਣ ਜੈ ਤੇਗੰ !! ੨

[ਬਚਿਤ੍ਰ ਨਾਟਕ

ਇਸ ਸਭ ਕੁਝ ਨੇ ਮੁਰਦਾ ਪਿੰਜਰਾਂ ਵਿਚ ਇਕ ਨਵੀਂ ਰੂਹ ਫੂਕ ਦਿਤੀ ; ਅਤੇ ਗੁਰੂ ਤੇਗ ਬਹਾਦਰ ਦੀ ਨਗਰੀ ਨਵੀਆਂ ਉਮੰਗਾਂ, ਨਰੋਏ ਉਤਸ਼ਾਹਾਂ ਤੇ ਚੜ੍ਹਦੀ-ਕਲਾ ਦੇ ਜੈਕਾਰਿਆਂ ਨਾਲ ਗੂੰਜਣ ਲਗ ਪਈ । ਗੁਰੂ ਨਾਨਕ ਦੇ ਸਿੱਖ, ਗੁਰੂ ਤੇਗ ਬਹਾਦਰ ਦੇ ਨਾਮ-ਲੇਵੇ, ਸੈਂਕੜੇ ਦੀਨ ਤੇ ਦਲਿਤ ਦੇਸ਼-ਵਾਸੀਆਂ ਦੀ ਬਾਂਹ ਵਿਚ ਬਾਂਹ ਪਾ ਕੇ; ਆਪਣੇ ਮੱਸ-ਫੁਟਦੇ ਗੁਰੂ ਦੀ ਕਮਾਨ ਹੇਠ ਮਾਨਸਿਕ, ਸਰੀਰਿਕ ਤੇ ਆਤਮਿਕ ਤੌਰ ਤੇ ਉੱਨਤ ਹੋ ਕੇ, ਦੇਸ਼-ਕੌਮ ਦੀ ਕਿਸਮਤ ਜਗਾਉਣ ਲਈ ਮੈਦਾਨ ਵਿਚ ਨਿਤਰ ਆਏ ।

---

[1]ਕਟ ਕੇ ਖਿਲਾਰ ਦੇਣ ਵਾਲੀ ਖੜਗ ਦੀ (ਜੈ ਹੋਵੇ) ।
[2]ਵੈਰੀ ਦਲ ਨੂੰ ਵੱਢਣ ਵਾਲੀ ।
[3]ਮਚਾਉਣ ਵਾਲੀ ।
[4]ਬਲਵਾਨ ।
[5]ਨਾ ਟੁਟਣ ਵਾਲੇ ਡੌਲੇ ।
[6]ਅਬੁੱਝ ਜੋਤ ।
[7]ਸੂਰਜ ਦੀ ਸੋਭਾ ।
[8]ਪਾਪ ।
[9]ਭਗੌਤੀ ।

# ੮

ਸਭ ਤੋਂ ਪਹਿਲਾਂ, ਉਨ੍ਹਾਂ ਨੇ ਅਜਿਹੇ ਕ੍ਰਿਤਘਣਾਂ ਨੂੰ ਵੰਗਾਰਿਆ ਜਿਨ੍ਹਾਂ ਦੀ ਪੱਤ-ਆਬਰੋ, ਧਰਮ-ਕਰਮ ਅਤੇ ਮਾਲ-ਧਨ ਦੀ ਰੱਖਿਆ ਤੇ ਬਰਕਰਾਰੀ ਲਈ, ਗੁਰੂ ਗੋਬਿਦ ਸਿਘ ਨੇ ਆਪਣੇ ਪਿਤਾ ਨੂੰ ਆਪ ਵਾਰਿਆ ਸੀ ।

ਇਨ੍ਹਾਂ ਦੀ ਸੂਚੀ ਵਿਚ ਸਭ ਤੋਂ ਪਹਿਲਾ ਨਾਂ ਉਨ੍ਹਾਂ ਮਸੰਦਾਂ ਦਾ ਸੀ ਜਿਨ੍ਹਾਂ ਨੂੰ ਪਹਿਲੇ ਗੁਰੂਆਂ ਨੇ ਲੋਕ-ਸੇਵਾ, ਸਿੱਖੀ-ਪਰਚਾਰ ਤੇ ਦਸਵੰਧ-ਉਗਰਾਹੀ ਲਈ ਨਿਯਤ ਕੀਤਾ ਹੋਇਆ ਸੀ । ਇਹ ਲੋਕ ਆਪਣਾ ਨੇਮ ਤੇ ਕਰਤੱਵ ਛੱਡ ਕੇ ਲੋਭੀ, ਵਿਸ਼ਈ, ਹੰਕਾਰੀ ਤੇ ਨਿਰਦਈ ਬਣ ਚੁਕੇ ਸਨ । ਗੁਰੂਦੇਵ ਦੇ ਇਸ ਇਨਕਲਾਬੀ ਪਰੋਗਰਾਮ ਨੂੰ ਵੇਖ-ਸੁਣ ਕੇ, ਉਹ ਚਿੰਤਾਤੁਰ ਹੋ ਗਏ । ਇਹ ਉਨ੍ਹਾਂ ਨੂੰ ਆਪਣੇ ਸੁਆਰਥੀ ਤੇ ਸੁੱਖ-ਰਹਿਣੇ ਜੀਵਨ ਲਈ ਬੜਾ ਖ਼ਤਰਨਾਕ ਜਾਪਿਆ । ਗੁਰੂ ਸਾਹਿਬ ਨੂੰ ਆਪ ਤਾਂ ਕੁਝ ਕਹਿਣ-ਸੁਣਾਣ ਤੋਂ ਅਸਮਰਥ ਸਨ ; ਇਸ ਲਈ ਉਨ੍ਹਾਂ ਪੂਜਯ ਮਾਤਾ ਜੀ ਨੂੰ ਸਚ-ਝੂਠ ਰਲਾ ਕੇ ਤੇ ਗੁਰੂਦੇਵ ਦੀ ਕਾਰਵਾਈ ਦੇ ਤੌਖਲੇ ਦਸ ਕੇ, ਗੁਰੂਦੇਵ ਨੂੰ ਵਰਜਣ ਲਈ ਪਰੇਰ ਲਿਆ । ਗੁਰੂ ਗੋਬਿੰਦ ਸਿੰਘ ਉਨ੍ਹਾਂ ਦੀ ਚਾਲ ਸਮਝ ਗਏ । ਇਸ ਲਈ ਸਭ ਤੋਂ ਪਹਿਲਾਂ ਉਨ੍ਹਾਂ ਨੇ ਇਨ੍ਹਾਂ ਮਸੰਦਾਂ ਨੂੰ ਹੀ ਸੋਧਿਆ । ਫਿਰ ਉਨ੍ਹਾਂ ਇਨ੍ਹਾਂ ਵਰਗੇ ਧਰਮ ਦੇ ਹੋਰ ਇਜਾਰਾਦਾਰਾਂ ਨੂੰ ਵੰਗਾਰਿਆ ਅਤੇ ਮਸੰਦਾਂ ਵਾਂਗ ਉਨ੍ਹਾਂ 'ਗੁਰੂ-ਡਮ' ਦੀ ਵੀ ਅਲਖ ਮੁਕਾ ਦਿਤੀ ।

ਫਿਰ ਉਨ੍ਹਾਂ ਗੱਦੀਆਂ ਤੇ ਪਦਵੀਆਂ ਦੀ ਕਾਇਮੀ ਲਈ ਬਦੇਸ਼ੀ ਸਰਕਾਰ ਦੇ ਪਿਠੂ ਤੇ ਲੋਕ-ਹਿੱਤਾਂ ਦੇ ਵੈਰੀ ਬਣੇ ਹੋਏ ਰਜਵਾੜਿਆਂ ਦੀ ਸਾਰ ਲਈ । ਦਸ਼ਮੇਸ਼ ਦੇ ਤੇਜ-ਪਰਤਾਪ ਤੇ ਸ਼ਾਹੀ ਠਾਠ-ਬਾਠ ਨੇ ਉਨ੍ਹਾਂ ਦੀ ਵੀ ਈਰਖਾ, ਤੌਖਲੇ ਤੇ ਵੈਰ-ਭਾਵ ਨੂੰ ਉਤੇ-ਜਿਤ ਕਰ ਦਿੱਤਾ ਸੀ । ਅਸਲ ਵਿਚ ਮਸੰਦ-ਬਰਾਦਰੀ, ਬ੍ਰਾਹਮਣ-ਵਰਗ ਤੇ ਰਾਜਾ-ਸ਼੍ਰੇਣੀ ਦਾ ਗੁਰੂ ਜੀ ਵਿਰੁਧ ਸਾਂਝਾ ਗਿਲਾ ਹੀ ਤਾਂ ਇਹੋ ਸੀ । ਮਸੰਦਾਂ ਨੂੰ ਇਹ ਡਰ ਸੀ ਕਿ ਗੁਰੂ ਤੇ ਸਿੱਖਾਂ ਦੇ ਵਧ ਰਹੇ ਪਰਸਪਰ ਸੰਬੰਧ, ਉਨ੍ਹਾਂ ਦੀ ਪੁੱਛ-ਪ੍ਰਤੀਤ ਹੀ ਮੁਕਾ ਦੇਣਗੇ । ਬ੍ਰਾਹਮਣਾਂ ਨੂੰ ਇਸ ਗੱਲ ਦਾ ਫ਼ਿਕਰ ਸੀ ਕਿ ਵਰਣ-ਵਿੱਥਾਂ ਦਾ ਭੋਗ ਪੈਣ ਨਾਲ, ਉਨ੍ਹਾਂ ਦੀ ਪੂਜਾ-ਸੇਵਾ ਦਾ ਭੋਗ ਵੀ ਨਾਲੇ ਪੈ ਜਾਏਗਾ । ਰਾਜਿਆਂ ਨੂੰ ਤਾਂ ਇਹ ਚਿਤਾਰ ਕੇ ਪਿੱਸੂ ਪੈ ਰਹੇ ਸਨ ਕਿ ਨੀਚਾਂ ਤੇ ਨਿਰਧਨਾਂ ਦੇ ਜਾਗ ਪੈਣ ਨਾਲ, ਉਨ੍ਹਾਂ ਦਾ ਵਕਾਰ ਤੇ ਰਾਜ-ਭਾਗ ਖ਼ਤਮ ਹੋ ਜਾਏਗਾ ।

ਤਦੇ ਤਾਂ ਕਾਹਲੂਰ ਦੇ ਰਾਜੇ ਨੇ, ਛੇਤੀ ਤੇ ਮੁਲੋਂ ਹੀ, ਉਨ੍ਹਾਂ ਦਾ ਮੱਚ ਮਾਰਨਾ ਤੇ ਪਰੋਗਰਾਮ ਵਿਗਾੜਨਾ ਚਾਹਿਆ। ਉਸ ਨੇ ਉਨ੍ਹਾਂ ਨੂੰ ਆਪਣੀ ਰੱਈਅਤ ਸਮਝ ਕੇ ਈਨ ਮੰਨਵਾਣੀ ਚਾਹੀ; ਅਧੀਨਤਾ ਨਾ ਕਬੂਲਣ ਦੀ ਸੂਰਤ ਵਿਚ ਆਨੰਦਪੁਰੋਂ ਕਢਣ ਦਾ ਡਰਾਵਾ ਦਿੱਤਾ; ਅਤੇ ਨਾ ਨਿਕਲਣ ਦੀ ਹਾਲਤ ਵਿਚ ਧਾਵਾ ਕਰਨ ਦੀ ਧਮਕੀ ਦਿੱਤੀ। ਗੁਰੂ ਗੋਬਿੰਦ ਸਿੰਘ ਦਾ ਜਵਾਬ ਉਨ੍ਹਾਂ ਦੀ ਅਣਖ਼, ਦਲੇਰੀ, ਨਿਰਭੈਤਾ ਤੇ ਚੜ੍ਹਦੀ-ਕਲਾ ਦੀ ਮੂੰਹ-ਬੋਲਦੀ ਤਸਵੀਰ ਸੀ। ਉਨ੍ਹਾਂ ਆਖਿਆ:

> "ਰੱਈਅਤ ਤਾਂ ਅਸੀਂ ਕੇਵਲ ਵਾਹਿਗੁਰੂ ਦੀ ਹਾਂ। ਨਾ ਕਿਸੇ ਤੋਂ ਡਰਦੇ ਹਾਂ ਤੇ ਨਾ ਹੀ ਕਿਸੇ ਨੂੰ ਡਰਾਉਂਦੇ ਹਾਂ। ਨਾ ਕਿਸੇ ਦੀ ਈਨ ਮੰਨਦੇ ਹਾਂ ਤੇ ਨਾ ਹੀ ਕਿਸੇ ਨੂੰ ਮੰਨਾਉਂਦੇ ਹਾਂ। ਆਨੰਦਪੁਰ ਸਾਡੇ ਗੁਰੂ-ਪਿਤਾ ਦੀ ਜ਼ਰਖ਼ਰੀਦ ਥਾਂ ਹੈ। ਇਸ ਲਈ ਉਥੋਂ ਕਢਣ ਜਾਂ ਨਿਕਲਣ ਦਾ ਸਆਲ ਹੀ ਨਹੀਂ ਪੈਦਾ ਹੁੰਦਾ। ਅਸੀਂ ਅਮਨ ਨਾਲ ਰਹਿਣਾ ਚਾਹੁੰਦੇ ਹਾਂ; ਪਰ ਜੇ ਤੁਸੀਂ ਅਕਾਰਨ ਹੀ ਲੜਨ ਤੇ ਤੁਲੇ ਹੋਏ ਹੋ ਤਾਂ ਅਸੀਂ ਵੀ ਆਪਣੀ ਪੱਤ-ਆਬਰੋ ਬਚਾਉਣ ਲਈ ਤਿਆਰ-ਬਰ-ਤਿਆਰ ਹਾਂ......................।"

ਕਾਹਲੂਰੀਏ ਨੇ ਗੁਰੂਦੇਵ ਦੇ ਇਸ ਜਵਾਬ ਨੂੰ ਧ੍ਰੋਹ ਤੇ ਬਗ਼ਾਵਤ ਸਮਝਿਆ। ਉਸ ਨੇ ਤੇ ਉਸ ਦੇ ਪੰਦਰਾਂ ਸਾਥੀ-ਰਾਜਿਆਂ ਨੇ, ਆਪਣੀ ਰਲਵੀਂ ਸੈਨਿਕ ਸ਼ਕਤੀ ਨਾਲ, ਹੱਲਾ ਬੋਲ ਦਿੱਤਾ। ਭੰਗਾਣੀ ਨੇ ਬਾਲਗ-ਗੋਬਿਦ ਨੂੰ ਪਹਿਲੀ ਵਾਰ ਆਪਣੀ 'ਫ਼ੌਜ' ਦੀ ਕਮਾਨ ਕਰਦਿਆਂ ਵੇਖਿਆ। [1]ਮੰਦੇ-ਭਾਗੀਂ, ਬਹੁਤ ਸਾਰੇ 'ਫ਼ੌਜੀ'—ਲੋਭੀ ਪਠਾਣ ਤੇ ਕਾਇਰ

---

[1]ਭੰਗਾਣੀ ਦੇ ਯੁੱਧ ਦੀ ਤਰੀਕ ਬਾਰੇ ਵਰਤਮਾਨ ਵਿਦਵਾਨਾਂ ਤੇ ਇਤਿਹਾਸਕਾਰਾਂ ਵਿਚ ਚੋਖਾ ਵਿਚਾਰ-ਵਿਤੇਵਾਂ ਹੈ। ਜਿਵੇਂ ਪ੍ਰਿੰਸੀਪਲ ਤੇਜਾ ਸਿੰਘ—ਡਾ. ਗੰਡਾ ਸਿੰਘ, ਜਥੇਦਾਰ ਪਰਤਾਪ ਸਿੰਘ, ਪ੍ਰੋ. ਸਤਬੀਰ ਸਿੰਘ ਤੇ ਡਾ. ਬਲਬੀਰ ਸਿੰਘ ਆਦਿ ਨੇ ਇਹ ੧੬੮੬ ਈ. ਵਿਚ ਹੋਈ ਦਸੀ ਹੈ। (ਵੇਖੋ ਕ੍ਰਮਵਾਰ—*A Short History of the Sikhs*, p. 64; 'ਗੁਰਮਤ ਲੈਕਚਰ', ਪੰਨਾ ੩੬੬; 'ਸਾਡਾ ਇਤਿਹਾਸ', ਪੰਨਾ ੩੪੧; *Message of Guru Gobind Singh*, p. 6)। ਪ੍ਰੋ. ਸਾਹਿਬ ਸਿੰਘ ਨੇ ੧੬੮੭ (ਵੇਖੋ: 'ਜੀਵਨ-ਬ੍ਰਿਤਾਂਤ ਗੁਰੂ ਗੋਬਿੰਦ ਸਿੰਘ', ਪੰਨਾ ੮੭); ਡਾ. ਤਰਲੋਚਨ ਸਿੰਘ ਨੇ ੧੬੮੮ (ਵੇਖੋ: *Guru Gobind Singh*, p. 14) ਅਤੇ ਪ੍ਰੋ. ਕਰਤਾਰ ਸਿੰਘ ਨੇ ੧੬੮੯ (ਵੇਖੋ: 'ਸਿਖ ਇਤਿਹਾਸ', ਭਾਗ ਪਹਿਲਾ, ਪੰਨਾ ੩੭੩) ਮੰਨੀ ਹੈ।

# ੮

ਸਭ ਤੋਂ ਪਹਿਲਾਂ, ਉਨ੍ਹਾਂ ਨੇ ਅਜਿਹੇ ਕ੍ਰਿਤਘਣਾਂ ਨੂੰ ਵੰਗਾਰਿਆ ਜਿਨ੍ਹਾਂ ਦੀ ਪੱਤ-ਆਬਰੋ, ਧਰਮ-ਕਰਮ ਅਤੇ ਮਾਲ-ਧਨ ਦੀ ਹੱਖਿਆ ਤੇ ਬਰਕਰਾਰੀ ਲਈ, ਗੁਰੂ ਗੋਬਿਦ ਸਿਘ ਨੇ ਆਪਣੇ ਪਿਤਾ ਨੂੰ ਆਪ ਵਾਰਿਆ ਸੀ ।

ਇਨ੍ਹਾਂ ਦੀ ਸੂਚੀ ਵਿਚ ਸਭ ਤੋਂ ਪਹਿਲਾ ਨਾਂ ਉਨ੍ਹਾਂ ਮਸੰਦਾਂ ਦਾ ਸੀ ਜਿਨ੍ਹਾਂ ਨੂੰ ਪਹਿਲੇ ਗੁਰੂਆਂ ਨੇ ਲੋਕ-ਸੇਵਾ, ਸਿੱਖੀ-ਪਰਚਾਰ ਤੇ ਦਸਵੰਧ-ਉਗਰਾਹੀ ਲਈ ਨਿਯਤ ਕੀਤਾ ਹੋਇਆ ਸੀ । ਇਹ ਲੋਕ ਆਪਣਾ ਨੇਮ ਤੇ ਕਰਤੱਵ ਛੱਡ ਕੇ ਲੋਭੀ, ਵਿਸ਼ਈ, ਹੰਕਾਰੀ ਤੇ ਨਿਰਦਈ ਬਣ ਚੁਕੇ ਸਨ । ਗੁਰੂਦੇਵ ਦੇ ਇਸ ਇਨਕਲਾਬੀ ਪਰੋਗਰਾਮ ਨੂੰ ਵੇਖ-ਸੁਣ ਕੇ, ਉਹ ਚਿੰਤਾਤੁਰ ਹੋ ਗਏ । ਇਹ ਉਨ੍ਹਾਂ ਨੂੰ ਆਪਣੇ ਸੁਆਰਥੀ ਤੇ ਸੁੱਖ-ਰਹਿਣੇ ਜੀਵਨ ਲਈ ਬੜਾ ਖ਼ਤਰਨਾਕ ਜਾਪਿਆ । ਗੁਰੂ ਸਾਹਿਬ ਨੂੰ ਆਪ ਤਾਂ ਕੁਝ ਕਹਿਣ-ਸੁਣਾਣ ਤੋਂ ਅਸਮਰਥ ਸਨ ; ਇਸ ਲਈ ਉਨ੍ਹਾਂ ਪੂਜਯ ਮਾਤਾ ਜੀ ਨੂੰ ਸਚ-ਝੂਠ ਰਲਾ ਕੇ ਤੇ ਗੁਰੂਦੇਵ ਦੀ ਕਾਰਵਾਈ ਦੇ ਤੋਖਲੇ ਦਸ ਕੇ, ਗੁਰੂਦੇਵ ਨੂੰ ਵਰਜਣ ਲਈ ਪਰੇਰ ਲਿਆ । ਗੁਰੂ ਗੋਬਿੰਦ ਸਿੰਘ ਉਨ੍ਹਾਂ ਦੀ ਚਾਲ ਸਮਝ ਗਏ । ਇਸ ਲਈ ਸਭ ਤੋਂ ਪਹਿਲਾਂ ਉਨ੍ਹਾਂ ਨੇ ਇਨ੍ਹਾਂ ਮਸੰਦਾਂ ਨੂੰ ਹੀ ਸੋਧਿਆ । ਫਿਰ ਉਨ੍ਹਾਂ ਇਨ੍ਹਾਂ ਵਰਗੇ ਧਰਮ ਦੇ ਹੋਰ ਇਜਾਰਾਦਾਰਾਂ ਨੂੰ ਵੰਗਾਰਿਆ ਅਤੇ ਮਸੰਦਾਂ ਵਾਂਗ ਉਨ੍ਹਾਂ 'ਗੁਰੂ-ਡਮ' ਦੀ ਵੀ ਅਲਖ ਮੁਕਾ ਦਿਤੀ ।

ਫਿਰ ਉਨ੍ਹਾਂ ਗੱਦੀਆਂ ਤੇ ਪਦਵੀਆਂ ਦੀ ਕਾਇਮੀ ਲਈ ਬਦੇਸ਼ੀ ਸਰਕਾਰ ਦੇ ਪਿਠੂ ਤੇ ਲੋਕ-ਹਿੱਤਾਂ ਦੇ ਵੈਰੀ ਬਣੇ ਹੋਏ ਰਜਵਾੜਿਆਂ ਦੀ ਸਾਰ ਲਈ । ਦਸ਼ਮੇਸ਼ ਦੇ ਤੇਜ-ਪਰਤਾਪ ਤੇ ਸ਼ਾਹੀ ਠਾਠ-ਬਾਠ ਨੇ ਉਨ੍ਹਾਂ ਦੀ ਵੀ ਈਰਖਾ, ਤੌਖਲੇ ਤੇ ਵੈਰ-ਭਾਵ ਨੂੰ ਉਤੇ-ਜਿਤ ਕਰ ਦਿੱਤਾ ਸੀ । ਅਸਲ ਵਿਚ ਮਸੰਦ-ਬਰਾਦਰੀ, ਬ੍ਰਾਹਮਣ-ਵਰਗ ਤੇ ਰਾਜਾ-ਸ਼੍ਰੇਣੀ ਦਾ ਗੁਰੂ ਜੀ ਵਿਰੁਧ ਸਾਂਝਾ ਗਿਲਾ ਹੀ ਤਾਂ ਇਹੋ ਸੀ । ਮਸੰਦਾਂ ਨੂੰ ਇਹ ਡਰ ਸੀ ਕਿ ਗੁਰੂ ਤੇ ਸਿੱਖਾਂ ਦੇ ਵਧ ਰਹੇ ਪਰਸਪਰ ਸੰਬੰਧ, ਉਨ੍ਹਾਂ ਦੀ ਪੁੱਛ-ਪ੍ਰਤੀਤ ਹੀ ਮੁਕਾ ਦੇਣਗੇ । ਬ੍ਰਾਹਮਣਾਂ ਨੂੰ ਇਸ ਗੱਲ ਦਾ ਫ਼ਿਕਰ ਸੀ ਕਿ ਵਰਣ-ਵਿੱਥਾਂ ਦਾ ਭੋਗ ਪੈਣ ਨਾਲ, ਉਨ੍ਹਾਂ ਦੀ ਪੂਜਾ-ਸੇਵਾ ਦਾ ਭੋਗ ਵੀ ਨਾਲੇ ਪੈ ਜਾਏਗਾ । ਰਾਜਿਆਂ ਨੂੰ ਤਾਂ ਇਹ ਚਿਤਾਰ ਕੇ ਪਿੱਸੂ ਪੈ ਰਹੇ ਸਨ ਕਿ ਨੀਚਾਂ ਤੇ ਨਿਰਧਨਾਂ ਦੇ ਜਾਗ ਪੈਣ ਨਾਲ, ਉਨ੍ਹਾਂ ਦਾ ਵਕਾਰ ਤੇ ਰਾਜ-ਭਾਗ ਖ਼ਤਮ ਹੋ ਜਾਏਗਾ ।

ਤਦੇ ਤਾਂ ਕਾਹਲੂਰ ਦੇ ਰਾਜੇ ਨੇ, ਛੇਤੀ ਤੇ ਮੂਲੋਂ ਹੀ, ਉਨ੍ਹਾਂ ਦਾ ਮੱਚ ਮਾਰਨਾ ਤੇ ਪਰੋਗਰਾਮ ਵਿਗਾੜਨਾ ਚਾਹਿਆ। ਉਸ ਨੇ ਉਨ੍ਹਾਂ ਨੂੰ ਆਪਣੀ ਰੱਈਅਤ ਸਮਝ ਕੇ ਈਨ ਮੰਨਵਾਣੀ ਚਾਹੀ; ਅਧੀਨਤਾ ਨਾ ਕਬੂਲਣ ਦੀ ਸੂਰਤ ਵਿਚ ਆਨੰਦਪੁਰੋਂ ਕਢਣ ਦਾ ਡਰਾਵਾ ਦਿੱਤਾ; ਅਤੇ ਨਾ ਨਿਕਲਣ ਦੀ ਹਾਲਤ ਵਿਚ ਧਾਵਾ ਕਰਨ ਦੀ ਧਮਕੀ ਦਿੱਤੀ। ਗੁਰੂ ਗੋਬਿੰਦ ਸਿੰਘ ਦਾ ਜਵਾਬ ਉਨ੍ਹਾਂ ਦੀ ਅਣਖ਼, ਦਲੇਰੀ, ਨਿਰਭੈਤਾ ਤੇ ਚੜ੍ਹਦੀ-ਕਲਾ ਦੀ ਮੂੰਹ-ਬੋਲਦੀ ਤਸਵੀਰ ਸੀ। ਉਨ੍ਹਾਂ ਆਖਿਆ:

> "ਰੱਈਅਤ ਤਾਂ ਅਸੀਂ ਕੇਵਲ ਵਾਹਿਗੁਰੂ ਦੀ ਹਾਂ। ਨਾ ਕਿਸੇ ਤੋਂ ਡਰਦੇ ਹਾਂ ਤੇ ਨਾ ਹੀ ਕਿਸੇ ਨੂੰ ਡਰਾਉਂਦੇ ਹਾਂ। ਨਾ ਕਿਸੇ ਦੀ ਈਨ ਮੰਨਦੇ ਹਾਂ ਤੇ ਨਾ ਹੀ ਕਿਸੇ ਨੂੰ ਮੰਨਾਉਂਦੇ ਹਾਂ। ਆਨੰਦਪੁਰ ਸਾਡੇ ਗੁਰੂ-ਪਿਤਾ ਦੀ ਜ਼ਰਖ਼ਰੀਦ ਥਾਂ ਹੈ। ਇਸ ਲਈ ਉਥੋਂ ਕਢਣ ਜਾਂ ਨਿਕਲਣ ਦਾ ਸਆਲ ਹੀ ਨਹੀਂ ਪੈਦਾ ਹੁੰਦਾ। ਅਸੀਂ ਅਮਨ ਨਾਲ ਰਹਿਣਾ ਚਾਹੁੰਦੇ ਹਾਂ; ਪਰ ਜੇ ਤੁਸੀਂ ਅਕਾਰਨ ਹੀ ਲੜਨ ਤੇ ਤੁਲੇ ਹੋਏ ਹੋ ਤਾਂ ਅਸੀਂ ਵੀ ਆਪਣੀ ਪੱਤ-ਆਬਰੋ ਬਚਾਉਣ ਲਈ ਤਿਆਰ-ਬਰ-ਤਿਆਰ ਹਾਂ........................।"

ਕਾਹਲੂਰੀਏ ਨੇ ਗੁਰੂਦੇਵ ਦੇ ਇਸ ਜਵਾਬ ਨੂੰ ਧ੍ਰੋਹ ਤੇ ਬਗ਼ਾਵਤ ਸਮਝਿਆ। ਉਸ ਨੇ ਤੇ ਉਸ ਦੇ ਪੰਦਰਾਂ ਸਾਥੀ-ਰਾਜਿਆਂ ਨੇ, ਆਪਣੀ ਰਲਵੀਂ ਸੈਨਿਕ ਸ਼ਕਤੀ ਨਾਲ, ਹੱਲਾ ਬੋਲ ਦਿੱਤਾ। ਭੰਗਾਣੀ ਨੇ ਬਾਲਗ਼-ਗੋਬਿਦ ਨੂੰ ਪਹਿਲੀ ਵਾਰ ਆਪਣੀ 'ਫ਼ੌਜ' ਦੀ ਕਮਾਨ ਕਰਦਿਆਂ ਵੇਖਿਆ। [1]ਮੰਦੇ-ਭਾਗੀਂ, ਬਹੁਤ ਸਾਰੇ 'ਫ਼ੌਜੀ' — ਲੋਭੀ ਪਠਾਣ ਤੇ ਕਾਇਰ

---

[1]ਭੰਗਾਣੀ ਦੇ ਯੁੱਧ ਦੀ ਤਰੀਕ ਬਾਰੇ ਵਰਤਮਾਨ ਵਿਦਵਾਨਾਂ ਤੇ ਇਤਿਹਾਸਕਾਰਾਂ ਵਿਚ ਚੋਖਾ ਵਿਚਾਰ-ਵਿਖੇਵਾਂ ਹੈ। ਜਿਵੇਂ ਪ੍ਰਿੰਸੀਪਲ ਤੇਜਾ ਸਿੰਘ—ਡਾ. ਗੰਡਾ ਸਿੰਘ, ਜਥੇਦਾਰ ਪਰਤਾਪ ਸਿੰਘ, ਪ੍ਰੋ. ਸਤਬੀਰ ਸਿੰਘ ਤੇ ਡਾ. ਬਲਬੀਰ ਸਿੰਘ ਆਦਿ ਨੇ ਇਹ ੧੬੮੬ ਈ. ਵਿਚ ਹੋਈ ਦਸੀ ਹੈ। (ਵੇਖੋ ਕ੍ਰਮਵਾਰ—*A Short History of the Sikhs*, p. 64; 'ਗੁਰਮਤ ਲੈਕਚਰ', ਪੰਨਾ ੩੬੬; 'ਸਾਡਾ ਇਤਿਹਾਸ', ਪੰਨਾ ੩੪੧; *Message of Guru Gobind Singh*, p. 6)। ਪ੍ਰੋ. ਸਾਹਿਬ ਸਿੰਘ ਨੇ ੧੬੮੭ (ਵੇਖੋ: 'ਜੀਵਨ-ਬ੍ਰਿਤਾਂਤ ਗੁਰੂ ਗੋਬਿੰਦ ਸਿੰਘ', ਪੰਨਾ ੮੭); ਡਾ. ਤਰਲੋਚਨ ਸਿੰਘ ਨੇ ੧੬੮੮ (ਵੇਖੋ: *Guru Gobind Singh*, p. 14) ਅਤੇ ਪ੍ਰੋ. ਕਰਤਾਰ ਸਿੰਘ ਨੇ ੧੬੮੯ (ਵੇਖੋ: 'ਸਿਖ ਇਤਿਹਾਸ', ਭਾਗ ਪਹਿਲਾ, ਪੰਨਾ ੩੭੩) ਮੰਨੀ ਹੈ।

ਉਦਾਸੀ — ਲੜਾਈ ਦਾ ਪੈਂਤੜਾ ਬੱਝਦਿਆਂ ਹੀ ਖਿਸਕ ਗਏ । ਬਾਕੀ ਰਹਿ ਗਏ ਗੇਣਵੇਂ ਸ਼ਰਧਾਲੂ ਘਾਬਰ ਗਏ । ਭਾੜੇ ਦੇ ਸਿਪਾਹੀਆਂ ਦੀ ਕੁਵੇਲੀ ਗ਼ਦਾਰੀ ਨੇ ਉਨ੍ਹਾਂ ਦੇ ਹੌਸਲੇ ਢਾਹ ਦਿੱਤੇ । ਆਖਣ ਲਗੇ :

"ਗੁਰੂਦੇਵ ! ਹੁਣ ਕੀ ਹੋਵੇਗਾ ?
ਹੁਣ ਕੀ ਕਰਾਂਗੇ ? ਕਿਵੇਂ ਲੜਾਂਗੇ, ਮਹਾਰਾਜ ?

ਪਰ ਨੌਜਵਾਨ ਕਮਾਂਡਰ ਨੇ ਹਿੰਮਤ ਨਾ ਹਾਰੀ । ਉਹ ਜ਼ਰਾ ਨਾ ਘਾਬਰੇ । ਉਨ੍ਹਾਂ ਧੀਰਜ ਦੇਂਦਿਆਂ ਆਖਿਆ :

"ਚਿੰਤਾ ਕਾਹਦੀ ? ਘਾਬਰੋ ਕਾਹਨੂੰ ਏ ? ਬੰਦਿਆਂ ਦੇ ਆਸਰੇ ਤਾਂ ਅਸੀਂ ਪਹਿਲਾਂ ਵੀ ਨਹੀਂ ਸੀ ਲੜਨਾ । ਅਸੀਂ ਤਾਂ ਰੱਬ ਦੇ ਆਸਰੇ ਜੂਝਣਾ ਸੀ; ਤੇ ਉਹ ਰੱਬ ਤਾਂ ਅਜੇ ਵੀ ਸਾਡੇ ਨਾਲ ਹੈ । ਇਸ ਲਈ ਸਾਡੀ ਜਿੱਤ ਯਕੀਨੀ ਹੈ । ਜਿਸ ਕਿਸੇ ਨੂੰ ਉਹਦੇ ਅੰਗ-ਸੰਗ ਹੋਣ ਦਾ ਨਿਸਚਾ ਨਹੀਂ, ਸਾਡੀ ਜਿੱਤ ਦਾ ਵਿਸ਼ਵਾਸ਼ ਨਹੀਂ ; ਜਿਸ ਕਿਸੇ ਨੇ ਮਗਰੋਂ ਪਿੱਠ ਵਿਖਾਣੀ ਹੈ; ਜੋ ਕਾਇਰ ਹੈ, ਕਮਜ਼ੋਰ ਹੈ, ਉਹ ਹੁਣੇ ਹੀ ਨਿਸ਼ੰਗ ਚਲਾ ਜਾਏ । ਅਸਾਂ ਤਾਂ ਪੈਰ ਹੁਣ ਪਿੱਛੇ ਨਹੀਂ ਪਾਉਣਾ ਅਤੇ ਇਸ ਜਬਰ ਦਾ ਮੁਕਾਬਲਾ ਡੱਟ ਕੇ ਕਰਨਾ ਹੈ ..................."।

ਕਹਿੰਦੇ ਹਨ, ਇਸ ਏਲਾਨ ਨੇ ਜਾਦੂ-ਅਸਰ ਕੀਤਾ ਅਤੇ ਨਿਰਾਸੇ ਦਿਲਾਂ ਵਿਚ ਨਾ ਕੇਵਲ ਆਸ ਹੀ ਟਮਕਾ ਦਿੱਤੀ, ਸਗੋਂ ਜੋਸ਼ ਵੀ ਭਰ ਦਿੱਤਾ । ਹੁਣ ਹਰ ਕੋਈ ਲੜਨ-ਮਰਨ ਲਈ ਤਿਆਰ ਹੋ ਗਿਆ । ਦਸਮੇਸ਼ ਨੇ ਵੈਰੀ-ਦਲਾਂ ਨੂੰ ਵਧਦਿਆਂ ਵੇਖਦੇ ਹੀ, ਆਪਣੇ ਮੁੱਠੀ-ਭਰ ਜਵਾਨਾਂ ਨੂੰ ਰੱਬ ਉਤੇ ਨਿਸ਼ਚਾ ਰਖਣ ਤੇ ਚੜ੍ਹਦੀ-ਕਲਾ ਵਿਚ ਵਿਚਰਨ ਲਈ ਪਰੇਰਦਿਆਂ, ਲਲਕਾਰਿਆ । ਜਵਾਨ ਤੇਗ਼ਾਂ ਸੂਤ ਕੇ ਡੱਟ ਗਏ ।

ਗਹਿ-ਗੱਚ ਲੜਾਈ ਹੋਈ ਜਿਸ ਦਾ ਭਰਵਾਂ ਜ਼ਿਕਰ ਆਪਣੀ ਸ੍ਵੈ-ਜੀਵਨੀ ਵਿਚ ਕਰਦਿਆਂ, ਗੁਰੂਦੇਵ ਨੇ ਮਗਰੋਂ ਬੜੇ ਮਾਣ ਨਾਲ ਲਿਖਿਆ ਕਿ ਹੋਰ ਤਾਂ ਹੋਰ ਮਹੰਤ

ਕ੍ਰਿਪਾਲ ਦਾਸ ਉਦਾਸੀ ਨੇ ਤਾਂ ਆਪਣੇ ਕੁਤਕੇ ਨਾਲ ਹੀ ਫ਼ੌਜਦਾਰ ਹੱਯਾਤ ਖ਼ਾਨ ਦਾ ਸਿਰ ਫੇਹ ਦਿੱਤਾ ਸੀ :

ਕ੍ਰਿਪਾਲ ਕੋਪਿਯੰ, ਕੁਤਕੋ ਸੰਭਾਰੀ,
ਹੱਠੀ ਖ਼ਾਨ ਹੱਯਾਤ ਕੇ ਸੀਸ ਝਾਰੀ ।

[ਬਚਿਤ੍ਰ ਨਾਟਕ—੮/੭

ਲਾਲ ਚੰਦ ਹਲਵਾਈ ਨੇ, ਜਿਸ ਢਾਲ-ਤਲਵਾਰ ਨੂੰ ਕਦੇ ਹੱਥ ਵੀ ਨਹੀਂ ਸੀ ਲਾਇਆ, ਅਜਿਹੇ ਆਹੂ ਲਾਹੇ ਕਿ ਪਠਾਣ ਤੇ ਰਾਜਪੂਤ ਹੈਰਾਨ ਰਹਿ ਗਏ । ਉਨ੍ਹਾਂ ਅਖ਼ੀਰ ਹਾਰ ਮੰਨ ਲਈ, ਤੇ ਸੋਲ੍ਹਾਂ ਪਹਾੜੀ ਰਾਜਿਆਂ ਨੇ ਇਕੱਲੇ ਬਾਲਗ-ਗੋਬਿਦ ਸਾਹਵੇਂ ਆਪਣੇ ਹੱਥਿਆਰ ਸੁਟ ਦਿੱਤੇ ।

ਜਿੱਤ ਗਰੂ ਗੋਬਿੰਦ ਸਿੰਘ ਦੀ ਹੋਈ । ਪਰ ਗਰੂ ਨੇ ਨਾ ਕੋਈ ਈਨ ਮੰਨਾਈ, ਨਾ ਇਲਾਕਾ ਮਲਿਆ ; ਨਾ ਮਾਲ ਲੁਟਿਆ, ਨਾ ਹਾਲਾ ਮੰਗਿਆ ; ਨਾ ਬੰਦੇ ਫੜੇ, ਨਾ ਸੂਲੀ ਚਾੜ੍ਹੇ । ਇਉਂ ਨਾ ਤਾਂ ਕੋਈ ਨਿੱਜੀ ਤੇ ਨਾ ਹੀ ਕੋਈ ਰਾਜਨੀਤਿਕ ਲਾਭ ਉਠਾਇਆ । ਉਠਾਉਂਦੇ ਵੀ ਕਿਵੇਂ ਜਦ ਕਿ ਲੜਾਈ ਕਿਸੇ ਨਿੱਜੀ ਮਨੋਰਥ ਜਾਂ ਪ੍ਰਭਤਾ ; "ਜ਼ਨ, ਜ਼ੋਰੂ ਜਾਂ ਜ਼ਮੀਨ" ਲਈ ਨਹੀਂ ਸੀ ; ਅਤੇ ਧਰਮ-ਨਿਆਂ ਦੀ ਹੱਖਿਆ ਲਈ ਲੜਨ ਵਾਲੇ ਨੂੰ ਪੂਰਨ ਨਿਸ਼ਚਾ ਸੀ ਕਿ ਇਹ ਜਿੱਤ 'ਗੁਰੂ ਗੋਬਿੰਦ ਰਾਏ' ਦੀ ਨਹੀਂ, ਇਹ ਤਾਂ "ਵਾਹਿਗਰੂ ਜੀ ਕੀ ਫ਼ਤਹ" ਸੀ, ਜਿਹਨੂੰ ਪ੍ਰਾਪਤ ਕਰਨ ਲਈ ਹਿੰਦੂਆਂ-ਸਿੱਖਾਂ-ਮੁਸਲਮਾਨਾਂ ਨੇ ਬੜੇ ਚਾਅ ਨਾਲ ਆਪਣਾ ਸਾਂਝਾ ਖ਼ੂਨ ਡੋਲ੍ਹਿਆ ਸੀ ਤੇ ਆਪਣੀ ਆਹੂਤੀ ਹੱਸ ਹੱਸ ਕੇ ਪਾਈ ਸੀ । ਤਦੇ ਤਾਂ ਇਸ ਅਦੁੱਤੀ ਜਿੱਤ ਲਈ ਵਾਹਿਗਰੂ ਦਾ ਧੰਨਵਾਦ ਕਰਦਿਆਂ, ਗੁਰੂਦੇਵ ਨੇ ਆਖਿਆ :

ਰਣੰ ਤਿਆਗਿ ਭਾਗੇ, ਸਬੈ ਤ੍ਰਾਸ ਪਾਗੇ ।
ਭਈ ਜੀਤ ਮੇਰੀ ; ਕ੍ਰਿਪਾ ਕਾਲ ਕੇਰੀ ।
ਰਣੰ ਜੀਤਿ ਆਏ ; ਜਯੰ ਗੀਤ ਗਾਏ ।
ਧੰਨ ਧਾਰ ਬਰਖੰ, ਸਬੈ ਸੂਰ ਹਰਖੇ ।

[ਬਚਿੱਤ੍ਰ ਨਾਟਕ, ੮/੩੪-੩੫

ਭੰਗਾਣੀ ਦੀ ਇਸ ਮਹਾਨ ਜਿੱਤ ਨੇ ਗੁਰੂ ਗੋਬਿੰਦ ਸਿੰਘ ਦੇ ਆਦਰਸ਼ ਨੂੰ ਦ੍ਰਿੜ੍ਹਤਾ ਅਤੇ ਕੌਮ-ਉਸਾਰੀ ਦੇ ਪਰੋਗਰਾਮ ਲਈ ਤਕੜਾਈ ਦਿੱਤੀ । ਚੜ੍ਹਦੀ-ਕਲਾ ਦੇ ਪੁੰਜ ਆਪਣੇ ਫ਼ਰਜ਼ਾਂ ਤੇ ਜ਼ਿਮੇਂਵਾਰੀਆਂ ਲਈ ਵਧੇਰੇ ਚੇਤੰਨ ਹੋ ਗਏ । ਸ੍ਵੈ-ਰੱਖਿਆ ਦੀ ਤਿਆਰੀ ਇਕ ਨਵੇਂ ਦੌਰ ਵਿਚ ਆ ਗਈ । ਇਹਦੇ ਵਿਚ ਫ਼ੌਜੀ ਭਰਤੀ ਤੇ ਸੈਨਕ ਸਿਖਲਾਈ ਤੋਂ ਛੁੱਟ, ਸਾਧਨ-ਪ੍ਰਾਪਤੀ ਤੇ ਕਿਲ੍ਹੇਬੰਦੀ ਵੀ ਸ਼ਾਮਲ ਹੋ ਗਈ । ਇਹ ਕੁਝ ਵੇਖਦਿਆਂ ਹੀ, ਪਹਾੜੀ ਰਾਜਿਆਂ ਦੀ ਤਾਂ ਖ਼ਾਨਿਉਂ ਗਈ । ਤੇ ਜਦੋਂ ਉਹ ਆਪ ਇਹਨੂੰ ਠਲ੍ਹਣ ਵਿਚ ਅਸਫ਼ਲ

ਹੋ ਗਏ ਤਾਂ ਉਨ੍ਹਾਂ ਮੁਗ਼ਲ ਹਕੂਮਤ ਦਾ ਬੂਹਾ ਜਾ ਠਕੋਰਿਆ। ਗੁਰੂ-ਘਰ ਦੀ ਵਧ ਰਹੀ ਸ਼ਕਤੀ ਤੇ ਪ੍ਰਭਾਵ ਬਦੇਸ਼ੀ ਸਰਕਾਰ ਦੀਆਂ ਅੱਖਾਂ ਵਿਚ ਤਾਂ ਪਹਿਲਾਂ ਹੀ ਰੜਕ ਰਿਹਾ ਸੀ। ਪਰ ਹੁਣ ਪਹਾੜੀ ਰਾਜਿਆਂ ਤੇ ਉਨ੍ਹਾਂ ਦੇ ਉਕਸਾਏ ਹੋਏ ਸਥਾਨਕ ਸੂਬੇਦਾਰਾਂ ਨੇ ਮੁਗ਼ਲ ਸਮਰਾਟ, ਔਰੰਗਜ਼ੇਬ, ਦੇ ਕੰਨ ਅਜਿਹੇ ਭਰੇ ਕਿ ਗੁਰੂ ਗੋਬਿੰਦ ਸਿੰਘ ਦਾ ਪਰੋਗਰਾਮ ਉਸ ਨੂੰ ਆਪਣੀ ਬਾਦਸ਼ਾਹੀ ਲਈ ਬੜਾ ਖ਼ਤਰਨਾਕ ਜਾਪਿਆ। ਇਸੇ ਲਈ ਉਨ੍ਹਾਂ ਦੀ ਲਹਿਰ ਕੁਚਲਣ ਤੇ ਆਨੰਦਪਰ ਦਾ ਨਾਂ-ਨਿਸ਼ਾਨ ਤਕ ਮਿਟਾ ਦੇਣ ਲਈ ਹੁਕਮ ਜਾਰੀ ਹੋ ਗਏ।

# ੯

ਜੇ ਇਕ ਪਾਸੇ "ਬਾਬਰਕਿਆਂ" ਦੀ ਹਕੂਮਤ "ਬਾਬੇਕਿਆਂ" ਨੂੰ ਦਬਾਉਣ ਲਈ ਮੁੜ ਹਰਕਤ ਵਿਚ ਆ ਗਈ, ਤਾਂ ਦੂਜੇ ਪਾਸੇ "ਬਾਬੇਕਿਆਂ" ਨੇ ਹੁਣ "ਬਾਬਰਕਿਆਂ" ਨੂੰ ਜੜ੍ਹੋਂ ਹੀ ਉਖੇੜਨ ਦਾ ਪਰੋਗਰਾਮ ਤੈ ਕਰ ਲਿਆ।

੧੬੯੯ ਦੀ ਵਿਸਾਖੀ ਵਾਲੇ ਦਿਨ ਦੁਨੀਆਂ ਦੇ ਇਤਿਹਾਸ ਨੇ ਇਕ ਅਜੀਬ ਕੌਤਕ ਵੇਖਿਆ। ਚੜ੍ਹਦੀ-ਕਲਾ ਦੇ ਮੁਜੱਸਮ, ਗੁਰੂ ਗੋਬਿੰਦ ਰਾਏ, ਨੇ ਆਨੰਦਪਰ ਦੇ ਕਿਲ੍ਹਾ ਕੇਸ-ਗੜ੍ਹ ਵਿਚ ਇਕ ਭਾਰੀ ਇਕੱਠ ਕੀਤਾ। ਤੇਤੀ ਵਰ੍ਹੇ ਦੇ ਭਰ-ਜਵਾਨ ਗੁਰੂ ਨੇ ਨੰਗੀ ਤਲਵਾਰ ਸੂਤ ਕੇ ਵਾਰੋ-ਵਾਰ ਪੰਜ ਸਿਰਾਂ ਦੀ ਭੇਟ ਮੰਗੀ। ਫਿਰ ਉਨ੍ਹਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ, ਚੜ੍ਹਦੀ-ਕਲਾ ਦੇ ਛੱਟੇ ਮਾਰ ਕੇ ਤੇ ਉਨ੍ਹਾਂ ਨੂੰ "ਪੰਜ-ਪਿਆਰੇ" ਆਖ ਕੇ, ਉਨ੍ਹਾਂ ਦੀ ਕਾਇਆਂ-ਕਲਪ ਕਰ ਦਿੱਤੀ :

ਪੀਓ ਪਾਹੁਲ ਖੰਡੇਧਾਰ
ਹੋਏ ਜਨਮ ਸੁਹੇਲਾ।

[ਭਾਈ ਗੁਰਦਾਸ ਸਿੰਘ

ਉਪਰੰਤ ਇਹੋ "ਪਾਹੁਲ" ਉਨ੍ਹਾਂ ਪਾਸੋਂ ਆਪ ਛਕ ਕੇ, ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਇਕ ਹੋਰ ਕ੍ਰਿਸ਼ਮਾ ਕਰ ਵਿਖਾਇਆ। ਦੁਨੀਆਂ ਇਹ ਵੇਖ ਕੇ ਹੈਰਾਨ ਹੋ ਗਈ ਤੇ ਕਹਿਣ ਲਗੀ :

ਵਾਹ ਵਾਹ ਗੁਰੂ ਗੋਬਿੰਦ ਸਿੰਘ,
ਆਪੇ ਗੁਰ ਚੇਲਾ !

[ਭਾਈ ਗੁਰਦਾਸ ਸਿੰਘ

ਇਉਂ ਗੁਰੂ ਗੋਬਿੰਦ ਰਾਏ ਨੇ ਗੁਰੂ ਨਾਨਕ ਦੇਵ ਦੀ ਉੱਮਤ ਨੂੰ, ਆਪਣੇ ਸਮੇਤ, "ਸਿੰਘ" (ਭਾਵ 'ਸ਼ੇਰ') ਦਾ ਖ਼ਿਤਾਬ ਦੇ ਕੇ "ਖ਼ਾਲਸਾ" ਸਜਾ ਦਿੱਤਾ :

ਸੰਗਤ ਕੀਨੀ ਖ਼ਾਲਸਾ,
ਮਨਮੁਖੀ ਦੁਹੇਲਾ।

[ਭਾਈ ਗੁਰਦਾਸ ਦੂਜਾ

ਗ਼ੁਲਾਮ ਮੁੱਹਈਉਦੀਨ ਦੇ ਕਥਨ ਅਨੁਸਾਰ, ਸਰਕਾਰੀ ਪੱਤਰ-ਪਰੇਰਕ ਦੀ ਅੱਖੀਂ-ਡਿਠੀ

ਗਵਾਹੀ ਦੇ ਮੁਤਾਬਕ, ਉਸ ਦਿਨ ਹਜ਼ਾਰਾਂ ਹੋਰ ਲੋਕ ਉਨ੍ਹਾਂ ਦੀ ਵੇਖਾ-ਵੇਖੀ ਇਹ 'ਪਾਹੁਲ' ਛਕ ਕੇ ਤਿਆਰ-ਬਰ-ਤਿਆਰ ਹੋ ਗਏ ।[1]

ਭਰ-ਜਵਾਨ ਗੁਰੂ ਨੇ ਉਨ੍ਹਾਂ ਦੀਆਂ ਸੁੱਤੀਆਂ ਕਲਾਂ ਜਗਾ ਕੇ, ਉਨ੍ਹਾਂ ਵਿਚ ਇਕ ਅਗੰਮੀ ਰੂਹ ਫੂਕ ਦਿੱਤੀ । ਉਨ੍ਹਾਂ ਦੇ ਤਨ-ਮਨ ਨੂੰ ਭਗਤੀ ਤੇ ਸ਼ਕਤੀ ਦੀ ਪੁੱਠ ਚੜ੍ਹਾ ਕੇ, ਇਕ ਨਵੇਂ ਤੇ ਅਨੂਠੇ 'ਪੰਥ' ਦੀ ਪੱਕੀ-ਪੀਢੀ ਨੀਂਹ ਰਖ ਦਿੱਤੀ :

ਪੰਥ ਸਾਜਿਓ ਖ਼ਾਲਸਾ
ਧਰ ਤੇਜ ਕਰਾਰਾ ।

[ਭਾ: ਗੁਰਦਾਸ ਸਿੰਘ

ਫਿਰ ਇਸ 'ਪੰਥ' ਦੇ 'ਪਾਂਧੀਆਂ' ਵਿਚ ਧਾਰਮਕ ਪਵਿੱਤ੍ਰਤਾ, ਸਦਾਚਾਰਕ ਸੁਹਿਰਦਤਾ, ਸਰੀਰਕ ਵਿਲੱਖਣਤਾ, ਸਮਾਜਕ ਸੁਤੰਤਰਤਾ ਤੇ ਰਾਜਨੀਤਕ ਸਥਿਰਤਾ ਲਿਆਣ ਲਈ ਇਕ ਆਦਰਸ਼ਕ ਜਹੀ ਜ਼ਾਤੀ ਤੇ ਜਮਾਤੀ ਰਹਿਤ-ਮਰਯਾਦਾ (code of conduct) ਵੀ ਨਿਯਤ ਕਰ ਦਿੱਤੀ ।

ਉਨ੍ਹਾਂ ਨੂੰ ਸਭ ਤੋਂ ਵਿਲੱਖਣ ਦਿੱਸਣ ਤੇ ਇੱਕੋ ਲੜੀ ਵਿਚ ਪਰੁਚੇ ਰਹਿਣ ਲਈ, ਇਕ ਵਿਕੋਲਿਤਹੀ ਜਹੀ ਵਰਦੀ ਪੁਆ ਦਿੱਤੀ ; ਜਿਸ ਬਾਰੇ ਆਖਿਆ ਕਿ ਅਗੋਂ ਤੋਂ

نشان سکھی این پنج حرف کاف
کہ ہرگز نہ باشند، ایں پنج معاف
کڑا-کارد و کچھہ-کنگھا بداں
بلا کیس ہیچ اند جملہ نشاں—

"ਸਿੱਖ ਦੀ ਨਿਸ਼ਾਨੀ ਪੰਜ 'ਕਕੇ' ਹੋਣਗੇ, ਜਿਨ੍ਹਾਂ ਦੀ 'ਛੋਟ' ਕਦੇ ਵੀ ਨਹੀਂ ਦਿੱਤੀ ਜਾ ਸਕੇਗੀ : ਕੜਾ, ਕਿਰਪਾਨ, ਕੱਛ, ਕੰਘਾ ਤੇ ਕੇਸ । ਪਰ ਚੇਤੇ ਰਖਣਾ, ਕੇਸਾਂ ਬਿਨਾਂ ਬਾਕੀ ਸਾਰੇ ਨਿਸ਼ਾਨ ਤੁੱਛ ਸਮਝੇ ਜਾਣਗੇ ।"[2] ਸੋ ਵਿਸਵੇ, ਜਿਥੇ 'ਕੜੇ' ਨੂੰ ਪਰਤੱਗਿਆ ਅਤੇ 'ਕਿਰਪਾਨ' ਨੂੰ ਉਪਕਾਰ ਤੇ ਸਵੈ-ਰੱਖਿਆ ਦਾ ਚਿੰਨ੍ਹ ਨਿਯਤ ਕੀਤਾ ; ਉਥੇ 'ਕੱਛੇ' ਨੂੰ ਆਚਰਨਕ ਤੇ 'ਕੰਘੇ' ਨੂੰ ਸਰੀਰਕ ਸੁੱਚਮ ਦੇ ਸੰਕੇਤ ਹੋਣ ਦਾ ਮਾਣ ਦਿੱਤਾ । 'ਕੇਸਾਂ' ਬਾਰੇ ਦਿੱਤੀ ਇਸ ਖ਼ਾਸ ਹਦਾਇਤ ਤੋਂ ਜਾਪਦਾ ਹੈ ਕਿ ਗੁਰੂਦੇਵ ਨੇ ਇਸ ਜਮਾਂਦਰੂ ਤੇ ਸਦੀਵੀ ਚਿੰਨ੍ਹ ਨੂੰ ਰੱਬੀ ਰਜ਼ਾ ਦੀ ਰਜ਼ਾਮੰਦੀ, ਕੌਮੀ ਸਪਿਰਿਟ ਦੀ ਕਸਵੱਟੀ ਤੇ ਪੰਥਕ ਜਥੇਬੰਦੀ ਦੀ ਗਾਰੰਟੀ ਮਿਥਿਆ ।

---

[1]ਇਸ ਸੰਬੰਧੀ ਸਵਿਸਥਾਰ ਸਮਾਚਾਰ ਲਈ ਵੇਖੋ : Macauliffe, M. A., *The Sikh Religion*, Vol. V, 2nd ed., Delhi-1963, pp. 93-97.

[2]ਨਾਭੇ ਪਈ 'ਦਸਮ ਗ੍ਰੰਥ ਸਾਹਿਬ, ਦੀ ਇਕ ਬੀੜ ਦੀ ਅੰਤਿਕਾ ਵਿੱਚੋਂ ।

ਫਿਰ ਅਜਿਹੀ ਵਰਦੀ ਪਹਿਨਣ ਵਾਲੇ ਸੰਤ-ਸਿਪਾਹੀਆਂ ਲਈ ਜੋ ਆਦਰਸ਼ ਨਿਯਤ ਕੀਤਾ, ਉਹ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਇਹ ਬਾਹਰਲੇ ਚਿੰਨ੍ਹ ਧਾਰਨ ਕਰਨ ਵਾਲਿਆਂ ਨੂੰ ਅੰਦਰਲੇ ਦੈਵੀ ਗੁਣ ਵਿਕਸਾਉਣ ਲਈ ਵੀ ਬੜੀ ਭਰਵੀਂ ਤਾਕੀਦ ਕੀਤੀ । ਉਨ੍ਹਾਂ ਭਾਣੇ ਅਸਲ 'ਖ਼ਾਲਸਾ' ਅਖਵਾਉਣ ਦਾ ਹੱਕਦਾਰ ਹੀ ਉਹੀ ਹੈ ਜੋ—

ਜਾਗਤ ਜੋਤਿ ਜਪੈ ਨਿਸ ਬਾਸਰ;
ਏਕ ਬਿਨਾ ਮਨ ਨੈਕ ਨ ਆਨੈ ।
ਪੂਰਨ ਪ੍ਰੇਮ ਪ੍ਰਤੀਤਿ ਸਜੈ ਬ੍ਰਤ,
ਗੋਰ, ਮੜ੍ਹੀ, ਮਠ ਭੂਲਿ ਨ ਮਾਨੈ ।
ਤੀਰਥ, ਦਾਨ, ਦਯਾ, ਤਪੁ, ਸੰਯੰਮੁ,
ਏਕ ਬਿਨਾਂ ਨਹਿੰ ਏਕ ਪਛਾਨੈ ।
ਪੂਰਨ ਜੋਤਿ ਜਗੈ ਘਟ ਮਹਿੰ ਤਬ,
ਖ਼ਾਲਸਾ ਤਾਂਹਿ ਨਖ਼ਾਲਸ ਜਾਨੈ ॥

[ਤੇਂਤੀ ਸਵੈਯੇ

ਇਸ ਤਰ੍ਹਾਂ, ਉਹਨੂੰ ਇਕ ਆਦਰਸ਼ਕ ਜੀਵਨ-ਜਾਚ ਦਸਦਿਆਂ, ਆਖਿਆ : "ਉਹ ਘਰ ਨੂੰ ਹੀ ਜੰਗਲ ਸਮਝ ਕੇ, ਦਿਲੋਂ ਸਾਧੂ ਬਣੇ । ਰੱਬ ਦੀ ਯਾਦ ਵਿਚ ਰਹਿੰਦਿਆਂ, ਸ਼ੁਭ ਗੁਣ ਗ੍ਰਹਿਣ ਕਰਦਿਆਂ, ਆਪਣੇ ਕਾਰ-ਵਿਹਾਰ ਵਿਚ ਵਿਚਰਦਿਆਂ, ਨੇਕੀ, ਪਿਆਰ ਤੇ ਪਰਉਪਕਾਰ ਦਾ ਜੀਵਨ ਬਤੀਤ ਕਰੇ ।" :

ਰੇ ਮਨ ! ਐਸੋ ਕਰ ਸੰਨਿਆਸਾ :

ਬਨ ਸੇ ਸਦਨ ਸਬੈ ਕਰ ਸਮਝਹੁ, ਮਨ ਹੀ ਮਾਂਹਿ ਉਦਾਸਾ ।
ਜਤ ਕੀ ਜਟਾ, ਜੋਗ ਕੋ ਮਜਨੁ, ਨੇਮ ਕੇ ਨਖਨ ਬਢਾਓ;
ਗਯਾਨ ਗੁਰੂ, ਆਤਮ ਉਪਦੇਸਹੁ, ਨਾਮ ਬਿਭੂਤਿ ਲਗਾਓ ।
ਅਲਪ ਅਹਾਰ, ਸੁਲਪ ਸੀ ਨਿੰਦ੍ਰਾ, ਦਯਾ, ਛਿਮਾ, ਤਨ ਪ੍ਰੀਤਿ;
ਸੀਲ, ਸੰਤੋਖ ਸਦਾ ਨਿਰਬਾਹਿਬੋ, ਹ੍ਵੈਬੋ ਤ੍ਰਿਗੁਣ ਅਤੀਤ ।
ਕਾਮ, ਕ੍ਰੋਧ, ਹੰਕਾਰ, ਲੋਭ, ਹੱਠ, ਮੋਹ ਨ ਮਨ ਸੋ ਲਾਵੇ;
ਤਬਹੀ ਆਤਮ ਤੱਤ ਕੋ ਦਰਸੈ, ਪਰਮ ਪੁਰਖ ਕਹਿੰ ਪਾਵੈ ।

[ਹਜ਼ਾਰੇ ਸ਼ਬਦ

ਅਜਿਹੀ ਵਰਦੀ, ਆਦਰਸ਼ ਤੇ ਜੀਵਨ-ਜਾਚ ਦੇ ਪੰਧਾਊਆਂ ਲਈ, ਪਰਉਪਕਾਰ ਤੇ ਸ੍ਵੈ-ਰੱਖਿਆ ਨੂੰ ਮੁਖ ਰਖਦਿਆਂ, ਸ਼ਸਤ੍ਰਬੱਧ ਤੇ ਤਿਆਰ-ਬਰ-ਤਿਆਰ ਰਹਿਣਾ ਵੀ ਜ਼ਰੂਰੀ

ਦਸਿਆ । ਸ਼ਸਤਰਾਂ ਦੀ ਲੋੜ ਤੇ ਮਹੱਤਾ ਦਾ ਜ਼ਿਕਰ ਕਰਦਿਆਂ ਤਾਂ ਦਸ਼ਮੇਸ਼ ਨੇ ਫਿਰ ਇਥੋਂ ਤਕ ਆਖ ਦਿੱਤਾ :

ਅਸ, ਕ੍ਰਿਪਾਨ, ਖੰਡੋ, ਖੜਗ ;
ਤੁਪਕ, ਤਬਰ, ਅਰੁ ਤੀਰ ।
ਸੈਫ਼, ਸਰੋਹੀ, ਸੈਹਥੀ ;
ਯਹੈ ਹਮਾਰੈ ਪੀਰ । ੩ ।

[ਸ਼ਸਤ੍ਰ ਨਾਮ ਮਾਲਾ

ਫਿਰ ਇਥੇ ਹੀ ਬਸ ਨਹੀਂ ਕੀਤੀ । ਅਜਿਹਾ ਵਿਲੱਖਣ ਰੂਪ ਤੇ ਰਹਿਤ-ਮਰਯਾਦਾ ਦੇਣ ਵਾਲੇ ਨੇ ਆਪਣੀ ਮੁਬਾਰਕ 'ਜ਼ਾਤ' ਨੂੰ ਆਪੇ ਪੈਦਾ ਕੀਤੀ ਇਸ 'ਜਮਾਤ' ਵਿਚ 'ਅਭੇਦ' ਕਰਦਿਆਂ, ਇਹ ਵੀ ਸਪਸ਼ਟ ਕਰ ਦਿੱਤਾ ਕਿ ਜੋ ਕੋਈ ਇਹਦੇ ਉਤੇ ਅਮਲ ਕਰੇਗਾ, ਉਹ ਨਾ ਕੇਵਲ ਮੇਰਾ ਸਿੱਖ ਅਖਵਾਉਣ ਦਾ ਹੀ ਹੱਕਦਾਰ ਹੋਵੇਗਾ, ਸਗੋਂ ਮੈਂ ਉਸ ਨੂੰ ਆਪਣਾ 'ਠਾਕਰ' ਤੇ ਆਪਣੇ ਆਪ ਨੂੰ ਉਸ ਦਾ 'ਚੇਲਾ' ਅਖਵਾਉਣ ਵਿਚ ਵੀ ਮਾਣ ਮਹਿਸੂਸ ਕਰਾਂਗਾ :

ਰਹਿਣੀ ਰਹੈ, ਸੋਈ ਸਿੱਖ ਮੇਰਾ ;
ਉਹ ਠਾਕੁਰ, ਮੈਂ ਉਸ ਕਾ ਚੇਰਾ ।

[ਤਨਖ਼ਾਹਨਾਮਾ

ਇਉਂ ਕਲ-ਮੁਕੱਲੇ ਨੌਜੁਆਨ ਗੁਰੂ ਗੋਬਿੰਦ ਸਿਘ ਨੇ ੧੬੯੯ ਦੀ ੩੦ ਮਾਰਚ ਨੂੰ, ਸ਼ਿਵਾਲਕ ਦੀ ਰਮਣੀਕ ਗੋਦੀ ਵਿਚ, ਅਜਿਹੀ ਰਹਿਣੀ-ਬਹਿਣੀ ਵਾਲੇ ਸੰਤ-ਸਿਪਾਹੀਆਂ ਦੀ ਇਕ ਅਜਿਹੀ ਕੌਮ ਤਿਆਰ ਕਰ ਦਿੱਤੀ ਜੋ ਤਨ ਤੇ ਮਨ ਕਰਕੇ ਇਕ-ਮੁੱਠ ਸੀ, ਜੋ ਖ਼ਿਆਲੀ ਤੇ ਅਮਲੀ ਤੌਰ ਤੇ ਇਕ-ਮੁੱਠ ਸੀ, ਅਤੇ ਜੋ ਆਪਣੇ ਸੰਚਾਲਕ ਨਾਲ ਵੀ ਆਤਮਕ ਤੇ ਸਰੀਰਕ ਤੌਰ ਤੇ ਇਕ-ਮਿਕ ਸੀ ।

ਇਸੇ ਦੀ ਸਹਾਇਤਾ ਨਾਲ "ਆਪੇ ਗੁਰ-ਚੇਲਾ" ਗੁਰੂ ਗੋਬਿੰਦ ਸਿੰਘ ਨੇ ਬਦੇਸੀ ਰਾਜ ਦਾ ਜਬਰ ਉਖਾੜਨ ਤੇ ਦੇਸੀ ਸਮਾਜ ਦੀ ਨੀਂਦ ਉਘਾੜਨ ਲਈ, ਵਧੇਰੇ ਉਤੇਜਿਤ ਤੇ ਉਤਸ਼ਾਹਿਤ ਹੋ ਕੇ ਲੱਕ ਬੰਨ੍ਹ ਲਿਆ ; ਹਿੰਦੁਸਤਾਨ ਦੀ ਸ਼ਖ਼ਸੀ, ਸਮਾਜਕ, ਮਾਨਸਿਕ, ਸਭਿਆਚਾਰਕ ਤੇ ਰਾਜਨੀਤਕ—ਅਰਥਾਤ ਹਰ ਪਰਕਾਰ ਦੀ ਗ਼ੁਲਾਮੀ ਨੂੰ ਹਟਾਉਣ ਦਾ ਬੀੜਾ ਚੁਕ ਲਿਆ ।

ਇਸ ਏਲਾਨ ਤੇ ਉਤੇਜਨਾ ਦਾ ਨਤੀਜਾ ਇਹ ਨਿਕਲਿਆ ਕਿ ਕਈ ਪੀੜ੍ਹੀਆਂ ਤੋਂ ਲਿਤੜੀਂਦੇ ਜਨ-ਸਾਧਾਰਨ ਵਿਚ ਇਕ ਇਨਕਲਾਬੀ ਪਲਟਾ ਆ ਗਿਆ । ਖੰਡੇ ਦੇ ਅਮ੍ਰਿਤ ਨੇ ਉਨ੍ਹਾਂ ਵਿਚ ਕੋਈ ਗ਼ੈਬੀ ਜਹੀ ਸ਼ਕਤੀ ਭਰ ਦਿਤੀ । "ਬਾਦਸ਼ਾਹ-ਦਰਵੇਸ਼" ਦੀ ਸਿੱਖਿਆ ਤੇ ਸੰਦੇਸ਼ ਨੇ ਉਨ੍ਹਾਂ ਦੇ ਸੁਭਾ, ਕਰਮ ਤੇ ਆਚਰਨ ਬਦਲ ਕੇ ; ਖੱਤਰੀ ਤੇ ਬ੍ਰਾਹਮਣ ਦੀ ਮੁਥਾਜੀ ਹਟਾ ਕੇ ; ਜੀਣ-ਮਰਨ ਦੀ ਜਾਚ ਸਿਖਾ ਕੇ, ਉਨ੍ਹਾਂ ਨੂੰ ਅਜਿਹੇ ਸੁਤੰਤਰ (the all-free) ਤੇ ਸੰਪੂਰਨ ਮਨੁੱਖ (the whole-man) ਬਣਾ ਦਿੱਤਾ ਕਿ ਹੁਣ ਉਹ ਵੀ "ਮੌਤ ਨਾਲ ਮਖ਼ੌਲਾਂ" ਕਰਨ ਤੇ ਦਾਨਵ-ਸ਼ਕਤੀਆਂ ਨਾਲ ਲੋਹਾ ਲੈਣ ਲਈ ਉਤਸ਼ਾਹਿਤ ਹੋ ਗਏ । ਉਨ੍ਹਾਂ ਵਿੱਚੋਂ ਇਕ-ਇਕ ਸਵਾ-ਸਵਾ ਲੱਖ ਨਾਲ ਟੱਕਰ ਲੈਣ ਦੇ ਸਮਰਥ ਹੋ ਗਿਆ । ਉਨ੍ਹਾਂ ਨੇ ਬਾਹਰਲੇ ਤਾਂ ਕੀ ਅੰਦਰਲੇ ਵੈਰੀਆਂ ਨੂੰ ਵੀ ਕਾਬੂ ਵਿਚ ਰਖਣ ਲਈ 'ਕਾਮ' ਨੂੰ ਗ੍ਰਹਸਥ, 'ਕ੍ਰੋਧ' ਨੂੰ ਬੀਰਤਾ, 'ਲੋਭ' ਨੂੰ ਕਿਰਤ, 'ਮੋਹ' ਨੂੰ ਉਪਕਾਰ ਤੇ 'ਹੰਕਾਰ' ਨੂੰ ਸ੍ਵੈ-ਮਾਨ ਵਿਚ ਢਾਲ ਲਿਆ ।

ਇਉਂ ਆਤਮਕ ਤੇ ਸਰੀਰਕ ਤੌਰ ਤੇ ਤਿਆਰ-ਬਰ-ਤਿਆਰ ਹੋ ਕੇ ; ਮਾਨਵ-ਪਿਆਰ, ਪਰਉਪਕਾਰ ਤੇ ਸ੍ਵੈ-ਤਿਆਗ ਦਾ ਆਦਰਸ਼ ਲੈ ਕੇ, ਉਹ ਗੁਰੂ ਤੇਗ਼ ਬਹਾਦਰ ਦੀ ਭਵਿੱਖ-ਬਾਣੀ ਨੂੰ ਸੱਚਿਆਣ, ਉਨ੍ਹਾਂ ਦੇ 'ਅਨਾਥ' ਬੱਚੇ ਦਾ ਪ੍ਰਣ ਨਿਭਾਹੁਣ ; ਦੇਸ਼

ਦੀਆਂ ਬ਼ਦੀਆਂ ਤੇ ਬੰਦਸ਼ਾਂ ਹਟਾਉਣ; ਜ਼ਾਲਮ ਰਾਜ-ਕਾਜ ਨੂੰ ਮੁਕਾਉਣ; ਅਤੇ ਨਵਾਂ ਤੇ ਨਰੋਆ ਸਮਾਜ ਉਪਜਾਉਣ ਲਈ, ਉਸ ''ਮਰਦ-ਅਗੰਮੜੇ'' ਦੀ ਕਮਾਨ ਹੇਠ ਜੁੜ ਗਏ ਜਿਸ ਨੂੰ ਭਾਈ ਨੰਦ ਲਾਲ ਨੇ 'ਸਰਬ-ਕਲਾ-ਸਮਰਥ' ਤੇ 'ਨਿਓਟਿਆਂ-ਦੀ-ਓਟ' ਆਖਿਆ ਹੈ :

کادر هر کار گورو گوبند سنگهه
بے کساں را یار گورو گوبند سنگهه—

[سلطنت دهم

ਹਕੂਮਤ ਨੇ ਉਨ੍ਹਾਂ ਦੇ ਇਸ ਪਰੋਗਰਾਮ ਨੂੰ ਧ੍ਰੋਹ ਤੇ ਬਗ਼ਾਵਤ ਸਮਝਿਆ; ਰਜਵਾੜਿਆਂ ਨੇ ਇਸ ਵਿਚ ਆਪਣੇ ਵਕਾਰ ਤੇ ਰਾਜ-ਭਾਗ ਦਾ ਅੰਤ ਮਹਿਸੂਸ ਕੀਤਾ; ਅਤੇ ਧਰਮ ਤੇ ਸਮਾਜ ਨੂੰ ਆਪਣੇ ਪਿੱਸੂ ਪੈ ਗਏ। ਖਿੱਚਾ-ਖਿੱਚੀ ਤੇ ਮੁੱਠ-ਭੇੜ ਤੇਜ਼ ਹੋ ਗਈ। ਭਿਆਨਕ ਲੜਾਈਆਂ ਦਾ ਸਿਲਸਲਾ ਸ਼ੁਰੂ ਹੋ ਪਿਆ। ਗੁਰੂਦੇਵ ਤੇ ਉਨ੍ਹਾਂ ਦੇ ਸਿਰਲੱਥ ਸੰਤ-ਸਿਪਾਹੀਆਂ ਨੇ ਡਟ ਕੇ ਮੁਕਾਬਲੇ ਕੀਤੇ; ਪਿੱਠ ਨਾ ਵਿਖਾਈ, ਈਨ ਨਾ ਮੰਨੀ ਅਤੇ ਭਰਪੂਰ ਚੜ੍ਹਦੀ-ਕਲਾ ਵਿਚ ਜੂਝਦੇ ਰਹੇ।

ਅਖ਼ੀਰ, ੧੭੦੪ ਦੀ ੨੦ ਮਈ ਨੂੰ ਮੁਗ਼ਲ ਸਰਕਾਰ ਦੀ ਸ਼ਾਹੀ ਫ਼ੌਜ, ਪਹਾੜੀ ਰਾਜਿਆਂ ਦੀ ਰਲਵੀਂ ਸੈਨਾ, ਮੁਲਖਈਏ ਤੇ ਜਹਾਦੀ ਵਹੀਰ ਨੇ ਰਲ-ਮਿਲ ਕੇ ਆਨੰਦਪੁਰ ਨੂੰ ਘੇਰ ਲਿਆ। ਖ਼ਾਲਸਾ ਫ਼ੌਜ ਦੀ ਗਿਣਤੀ ਮਸਾਂ ਦਸ ਹਜ਼ਾਰ ਸੀ ਅਤੇ ਘੇਰਨ ਵਾਲੇ ਲੱਖਾਂ ਦੀ ਗਿਣਤੀ ਵਿਚ ਚਾਰੇ-ਪਾਸਿਉਂ ਉਮਡ ਆਏ ਸਨ। ਮਹੀਨਿਆਂ-ਬੱਧੀ ਮੁੱਠ-ਭੇੜਾਂ ਤੇ ਗੋਲਾਬਾਰੀ ਹੁੰਦੀ ਰਹੀ। ਦਸਮੇਸ਼ ਦੇ ਸ਼ੇਰ ਬੜੀ ਬਹਾਦਰੀ ਤੇ ਸਾਬਤ-ਕਦਮੀ ਨਾਲ ਟਾਕਰੇ ਕਰਦੇ ਰਹੇ। ਉਨ੍ਹਾਂ ਦੀ ਚੜ੍ਹਦੀ-ਕਲਾ ਵਿਚ ਕੋਈ ਫ਼ਰਕ ਨਾ ਪਿਆ। ਪਰ ਅੰਦਰਲਿਆਂ ਦੀ ਚਹੁੰ-ਪਾਸੀ ਨਾਕਾਬੰਦੀ ਤੇ ਬਾਹਰਲਿਆਂ ਦੀ ਦਿਨੋ-ਦਿਨ ਵਧ ਰਹੀ ਲਾਮਬੰਦੀ ਨੇ ਇਕ ਔਖੀ ਤੇ ਅਜੀਬ ਸਥਿੱਤੀ ਪੈਦਾ ਕਰ ਦਿੱਤੀ। ਰਸਦ ਮੁਕਦਿਆਂ-ਮੁਕਦਿਆਂ ਮੁਕ ਗਈ। ਅਸਲਾ ਨਿੱਖੁਟਦਿਆਂ-ਨਿੱਖੁਟਦਿਆਂ ਨਿੱਖੁਟ ਗਿਆ। ਕੁਝ ਸਾਥੀ ਮਾਰੇ ਗਏ, ਕੁਝ ਨਿਕਾਹੇ ਹੋ ਗਏ; ਕੁਝ ਰੁਸ ਗਏ ਤੇ ਕੁਝ 'ਬੇਦਾਵਾ' ਵੀ ਦੇ ਗਏ। ਅੰਦਰ ਭੁੱਖ-ਨੰਗ, ਬਾਹਰ ਲੱਖਾਂ ਦਾ ਘੇਰਾ ਤੇ ਈਨ ਮੰਨਾਉਣ ਲਈ ਆਖ਼ਰਾਂ ਦਾ ਜ਼ੋਰ! ਪਰ ਚੜ੍ਹਦੀ-ਕਲਾ ਦੇ ਪੁੰਜ. ਗੁਰੂ ਗੋਬਿੰਦ ਸਿੰਘ, ਕਿਸੇ ਵੀ ਕੀਮਤ ਤੇ, ਕੌਮੀ ਅਣਖ ਅਤੇ ਉਦੇਸ਼ ਦੇ ਵਿਰੁਧ ਸਮਝੌਤਾ ਕਰਨ, ਹੱਥਿਆਰ ਸੁੱਟਣ ਜਾਂ ਈਨ ਮੰਨਣ ਲਈ ਤਿਆਰ ਨਹੀਂ ਸਨ। ਦੂਜੇ ਪਾਸੇ, ਵੈਰੀ-ਦਲ ਉਨ੍ਹਾਂ ਨੂੰ ਹੱੜਪਣ ਲਈ ਕਚੀਚੀਆਂ ਤਾਂ ਵਟ ਰਹੇ ਸਨ, ਪਰ ਆਪ ਵੀ ਹਾਰ-ਹੁੱਟ ਕੇ ਨਿਸੱਤੇ ਪਏ ਹੋਏ ਸਨ। ਹਾਰ-ਜਿੱਤ ਦਾ ਫ਼ੈਸਲਾ ਨਾ ਹੁੰਦਾ ਵੇਖ, ਉਨ੍ਹਾਂ ਨੇ ਝੂਠੀਆਂ ਸੌਹਾਂ ਖਾ ਕੇ ਤੇ ਘੇਰਾ ਚੁਕਣ ਦਾ ਯਕੀਨ ਦੁਆ ਕੇ ਸੁਲਾਹ-ਸਫ਼ਾਈ ਲਈ ਗੱਲ-ਬਾਤ ਕਰਨ ਵਾਸਤੇ, ਬਾਹਰ ਆਉਣ ਲਈ ਸੱਦਾ ਦਿੱਤਾ। ਦੂਰ-ਦਰਸ਼ੀ ਤੇ ਨੀਤੀ-ਨਿਪੁੰਨ ਗੁਰੂਦੇਵ ਉਨ੍ਹਾਂ ਦੀ ਇਹ ਚਾਲ ਸਮਝ ਗਏ ਅਤੇ ਉਨ੍ਹਾਂ ਦੇ

ਫੰਧੇ ਵਿਚ ਇਉਂ ਫਸਣ ਲਈ ਰਜ਼ਾਮਦ ਨਾ ਹੋਏ । ਪਰ ਕਈ ਮਹੀਨਿਆਂ ਤੋਂ ਘਿਰੇ ਹੋਏ ਸਿੱਖ-ਸੇਵਕਾਂ ਨੇ ਉਨ੍ਹਾਂ ਦੀਆਂ ਸੁਗੰਧਾਂ ਉਤੇ ਇਤਬਾਰ ਕਰਨ ਤੇ ਉਨ੍ਹਾਂ ਦਾ ਅਮਨ-ਨਿਓਤਾ ਪਰਵਾਨ ਕਰਨ ਲਈ, ਆਪ ਨੂੰ ਪਰੇਰ ਲਿਆ ।

ਵੈਰੀ ਨੇ ਲੜਾਈ ਬੰਦ ਹੋਣ ; ਨਾਕਾਬੰਦੀ ਹਟਾਉਣ ; ਅਤੇ ਆਨੰਦਪੁਰੋਂ ਬਾਹਰ ਜਾਣ ਵਾਲਿਆਂ ਲਈ ਸੁਰੱਖਿਆ ਦਾ ਪ੍ਰਬੰਧ ਕਰਨ ਦਾ ਏਲਾਨ ਕੀਤਾ । ਸ਼ੁਰੂ ਦਸੰਬਰ ਦੀ ਇਕ ਕੱਕਰੀਲੀ ਰਾਤ ਨੂੰ ਬਚੇ-ਖੁਚੇ ਤੇ ਥਕੇ-ਟੁੱਟੇ ਡੇਢ ਕੁ ਹਜ਼ਾਰ ਸਿਰਲੱਥ ਜੀਆਂ ਦਾ ਇਹ ਕਾਫ਼ਲਾ ਆਪਣੇ ਨਿਡੱਰ ਸੈਨਾਪਤੀ ਦੀ ਕਮਾਨ ਹੇਠ ਬਾਹਰ ਨਿਕਲਿਆ । ਇਸ ਵਿਚ ਬੱਚੇ ਵੀ ਸਨ ਤੇ ਬੀਬੀਆਂ ਵੀ । ਚਾਰੇ ਪਾਸੇ ਲੱਖਾਂ ਦੀ ਗਿਣਤੀ ਵਿਚ ਠਾਠਾਂ ਮਾਰ ਰਹੇ ਵੈਰੀਆਂ ਤੇ ਕਚੀਚੀਆਂ ਵਟ ਰਹੇ ਲੁਟੇਰਿਆਂ ਦੀਆਂ ਸਫ਼ਾਂ ਵਿੱਚੋਂ ਜਿਸ ਹੱਠ ਤੇ ਹਿੰਮਤ ਨਾਲ ਇਹ ਲੰਘ ਰਿਹਾ ਸੀ, ਉਸ ਦੀ ਦਾਦ ਉਨ੍ਹਾਂ ਨੂੰ ਹੜੱਪਣ ਲਈ ਦੰਦ ਪੀਹ ਰਹੇ ਜਾਬਰ ਵੀ ਦੇ ਰਹੇ ਸਨ ।

ਕੀਰਤਪੁਰ ਟਪਦਿਆਂ ਹੀ, ਇਨ੍ਹਾਂ ਮੁੱਠੀ-ਭਰ ਯੋਧਿਆਂ ਨਾਲ ਜੋ ਵਿਸਾਹ-ਘਾਤ ਹੋਇਆ ; ਸ਼ਾਹੀ ਫ਼ੌਜਾਂ ਨੇ ਜਿਸ ਬੇਹਯਾਈ ਤੇ ਬੇਰਹਿਮੀ ਨਾਲ ਉਨ੍ਹਾਂ ਨੂੰ ਗਿੱਦਾਂ ਵਾਂਗ ਆ ਦਬੋਚਿਆ ; ਗੁਰੂਦੇਵ ਨੇ ਜਿਸ ਦਲੇਰੀ ਤੇ ਦ੍ਰਿੜ੍ਹਤਾ ਨਾਲ ਉਨ੍ਹਾਂ ਦੇ ਵਾਰ ਠਲ੍ਹੇ ; ਭੁੱਖੇ-ਭਾਣੇ ਬੱਚਿਆਂ ਨੇ ਜਿਸ ਸਿਦਕ ਤੇ ਸੂਰਮਤਾਈ ਨਾਲ ਟਾਕਰਾ ਕੀਤਾ ; ਅਤੇ ਗਿਣਵੇਂ ਸਿੱਖ-ਸੇਵਕਾਂ ਨੇ ਬਹਾਦਰੀ ਤੇ ਜਾਨਬਾਜ਼ੀ ਦਾ ਜੋ ਸਬੂਤ ਦਿੱਤਾ—ਉਸ ਦਾ ਬਿਆਨ ਮਨੁੱਖੀ ਹਿਰਦੇ ਨੂੰ ਕੰਬਾ ਦੇਂਦਾ ਹੈ ।

ਪਰ ਜਿਨ੍ਹਾਂ ਦੇ ਸਿਰ ਇਹ ਸਭ ਕੁਝ ਬੀਤਿਆ, ਉਨ੍ਹਾਂ ਦਾ ਹਾਲ ਇਹ ਸੀ ਕਿ ਉਹ ਅਜਿਹੀ ਕੱਠਨ ਅਜ਼ਮਾਇਸ਼ ਦੇ ਸਮੇਂ ਵੀ, ਰਤੀ ਵੀ ਨਾ ਘਾਬਰੇ ਅਤੇ ਤੋੜ ਤਕ ਚੜ੍ਹਦੀ-ਕਲਾ ਵਿਚ ਜੂਝਦੇ ਰਹੇ । ਇਸ ਅਚਾਨਕ ਤੇ ਭਿਆਨਕ ਮਾਰ-ਧਾੜ ਤੋਂ ਬਚ ਗਏ ਸੂਰਮਿਆਂ ਨੇ ਆਪਣੀ ਸੁਰਤ ਨੂੰ ਇੰਨਾ ਅਡੋਲ ਤੇ ਬਲਵਾਨ ਰਖਿਆ ਕਿ ਠਾਠ-ਠਾਹ ਕਰਦੀਆਂ ਬੰਦੂਕਾਂ ਦੀ ਬੂਛਾੜ ਤੇ ਤੀਰਾਂ-ਤਲਵਾਰਾਂ ਦੀ ਸ਼ੂਕਾਰ ਵਿਚ ਵੀ, ਉਹ ਆਪਣੇ ਨਿਤਨੇਮ ਤੋਂ ਅਵੇਸਲੇ ਨਾ ਹੋਏ । ਲਹੂ-ਤਿਹਾਏ ਵੈਰੀ ਤੇ ਸ਼ੂਕਦੀ ਸਰਸਾ ਵਿਚਕਾਰ ਘਿਰੇ ਹੋਏ ਇਹ ਸ਼ਕਤੀ-ਤੇ ਭਗਤੀ ਦੇ ਪੁਤਲੇ ਅੰਮ੍ਰਿਤ-ਵੇਲਾ ਆਉਂਦਿਆਂ ਹੀ, ਵਾਹਿਗੁਰੂ ਦੇ ਸਿਮਰਨ-ਕੀਰਤਨ ਵਿਚ ਜੁੜ ਗਏ । ਮੇਰੀ ਜਾਚੇ, ਚੜ੍ਹਦੀ-ਕਲਾ ਦੀ ਸਿਖਰ ਇਹੋ ਹੈ । ਗੁਰਮਤ ਦੇ ਮਹਾਨ ਵਿਆਖਿਆਕਾਰ, ਭਾਈ ਵੀਰ ਸਿੰਘ, ਨੇ ਤਦੇ ਤਾਂ ਆਖਿਆ ਸੀ :

ਸਿੱਖੀ ਹੈ ਬਲਵਾਨ ਕਰਨਾ ਸੁਰਤ ਨੂੰ,
'ਚੜ੍ਹਦੀ-ਕਲਾ' ਨਿਵਾਸ ਸਦ ਹੀ ਰਖਣਾ ।

[ਰਾਣਾ ਸੂਰਤ ਸਿੰਘ

# ੧੧

ਮੀਂਹ ਵਾਂਗ ਵਰ੍ਹਦੀਆਂ ਗੋਲੀਆਂ ਤੇ ਸਿਆਲੀ ਵਰਖਾ ਵਿਚ ਅਚਾਨਕ ਚੜ੍ਹ-ਆਈ ਸਰਸਾ ਵਿਚ ਠਿਲ੍ਹਦਿਆਂ, ਅਤੇ ਉਸ ਨੂੰ ਪਾਰ ਕਰਦਿਆਂ ਵੀ ਜੋ ਕੁਝ ਵਾਪਰਿਆ, ਉਸ ਦਾ ਅਭਾਗ ਤੇ ਸੁਭਾਗ ਵੀ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੋਇਆ ਹੋਵੇਗਾ ! ਕਈ ਡੁਬੇ, ਕਈ ਰੁੜ੍ਹੇ । ਤੇ ਜੋ ਸ਼ੂਕਦੇ, ਬਰਫ਼ੀਲੇ ਪਾਣੀ ਦੀ ਫੇਟ ਤੋਂ ਬਚ ਕੇ ਮਸਾਂ ਪਾਰ ਪਹੁੰਚੇ, ਉਹ ਅਜਿਹੇ ਖੇਰੂ-ਖੇਰੂ ਹੋਏ ਕਿ ਉਨ੍ਹਾਂ ਵਿਚੋਂ ਕਈਆਂ ਦਾ ਤਾਂ ਮੁੜ ਮੇਲ ਹੀ ਨਾ ਹੋ ਸਕਿਆ।

ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਵਾਲੇ ਜੱਥੇ ਦੇ ਸਾਰੇ ਸਿੰਘ ਜਾਂ ਮਾਰੇ ਗਏ ਜਾਂ ਰੁੜ੍ਹ ਗਏ ; ਅਤੇ ਮਸਾਂ ਬਚੀ ਦਾਦੀ ਤੇ ਪੋਤਰੇ ਆਪਣੇ ਰਸੋਈਏ ਨਾਲ ਸਰਹੰਦ ਵਲ ਨਿਕਲ ਗਏ । ਭਾਈ ਮਨੀ ਸਿੰਘ ਵਾਲੇ ਜਥੇ ਵਿੱਚੋਂ ਕੇਵਲ ਮਾਤਾ ਸਾਹਿਬ ਕੌਰ, ਮਾਤਾ ਜੀਤ ਕੌਰ ਤੇ ਕੇਵਲ ਪੰਜ ਹੋਰ ਜੀਅ ਹੀ ਬਚ ਸਕੇ ; ਅਤੇ ਇਨ੍ਹਾਂ ਦੀ ਮੁਹਾਰ ਦਿੱਲੀ ਵਲ ਮੁੜ ਗਈ ।

ਗੁਰੂ ਗੋਬਿੰਦ ਸਿੰਘ ਆਪਣੇ ਦੋ ਵੱਡੇ ਬੱਚਿਆਂ ਤੇ ਗੌਣਵੇਂ ਸਾਥੀਆਂ ਨਾਲ ਵੱਸਦੇ ਮੀਂਹ ਤੇ ਭਿਜਦੇ ਕਪੜੀਂ, ਠਰੇ-ਭੁੱਖੇ ਤੇ ਥਕੇ-ਟੁੱਟੇ ਸਰੀਰਾਂ ਨੂੰ ਠੇਲ੍ਹਦੇ ਰੋਪੜ ਵਲ ਠਿਲ੍ਹ ਪਏ । ਰੋਪੜ ਪੁਜਦਿਆਂ ਹੀ, ਸਥਾਨਕ ਪਠਾਣਾਂ ਨੇ ਤਲਵਾਰਾਂ ਨਾਲ ਖ਼ਾਤਰ ਕੀਤੀ। ਤੇ ਜਦੋਂ ਉਹ, ਦਿਨ ਡੁੱਬਣ ਵੇਲੇ, ਚਮਕੌਰ ਪਹੁੰਚੇ ਤਾਂ ਉਨ੍ਹਾਂ ਨਾਲ ਲੈ-ਦੇ-ਕੇ ਕੇਵਲ ਦੋ ਬੱਚੇ ਤੇ ਚਾਲ੍ਹੀ ਸਿਘ ਹੀ ਸਨ ।

ਵੈਰੀ-ਦਲ ਪਿੱਛੋਂ ਮਾਰੋ-ਮਾਰ ਕਰਦਾ ਆ ਰਿਹਾ ਸੀ । ਅਗੋਂ ਦਿੱਲੀਉਂ ਤੁਰੀ ਤਾਜ਼ਾ-ਦਮ ਫ਼ੌਜ ਵਾਹੋ-ਦਾਹ ਪਹੁੰਚ ਰਹੀ ਸੀ । ਆਪਣੇ ਆਪ ਨੂੰ "ਪਰਮ-ਪੁਰਖ ਕੋ ਦਾਸਾ" ਆਖਣ ਵਾਲੇ ਗੁਰੂ ਗੋਬਿੰਦ ਸਿੰਘ, ਉਸ ਦੇ ਬਤਾਲੀ ਭੁੱਖੇ-ਭਾਣੇ ਤੇ ਥੱਕੇ-ਟੁੱਟੇ ਜੀਆਂ ਸਮੇਤ ਨਾ ਪਿਛੇ ਮੁੜਨ ਤੇ ਨਾ ਹੀ ਅਗੇ ਵਧਣ ਜੋਗੇ ਰਹਿ ਗਏ ਸਨ । ਇਕ ਅਜੀਬ ਕੁੱੜਿਕੀ ਵਿਚ ਫਸਿਆਂ ਨੇ, ਅਜੇ ਵੀ ਨਾ ਹਿੰਮਤ ਹਾਰੀ ਤੇ ਨਾ ਹੀ ਹੌਂਸਲਾ ਛੱਡਿਆ । ਛੱਡਦੇ ਵੀ ਕਿਵੇਂ ? ਉਹ ਤਾਂ ਅਜਿਹੇ ਅਦੁੱਤੀ ਸੂਰਮੇ ਸਨ ਜਿਨ੍ਹਾਂ ਦਾ ਇਹ ਲੱਛਣ ਉਨ੍ਹਾਂ ਦੇ ਪੜਦਾਦਾ, ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ, ਨੇ ਇਕ ਸੌ ਵਰ੍ਹਾ ਪਹਿਲਾਂ, ੧੬੦੪ ਵਿਚ, ਤਿਆਰ ਕੀਤੀ ਇਕ ਮਹਾਨ ਧਰਮ-ਪੁਸਤਕ ਵਿਚ ਇਉਂ ਕ਼ਾਨੀਬੰਦ ਕਰ ਦਿਤਾ ਸੀ :

ਗਗਨ ਦਮਾਮਾ ਬਾਜਿਓ,
ਪਰਿਓ ਨੀਸਾਨੈ ਘਾਉ :
ਖੇਤ ਜੁ ਮਾਂਡਿਓ ਸੂਰਮਾ,
ਅਬ ਜੂਝਨ ਕੋ ਦਾਉ :
ਸੂਰਾ ਸੋ ਪਹਿਚਾਨੀਐ,
ਜੁ ਲਰੈ ਦੀਨ ਕੇ ਹੇਤ ।
ਪੁਰਜਾ ਪੁਰਜਾ ਕਟ ਮਰੈ,
ਕਬਹੂ ਨ ਛਾਡੈ ਖੇਤ !

[ਗੁਰੂ ਗ੍ਰੰਥ ਸਾਹਿਬ, ਮਾਰੂ ਕਬੀਰ

ਸ਼ਹੀਦ ਪਿਓ-ਪੜਦਾਦੇ ਦੇ ਯੋਗ ਵਾਰਸ, ਗੁਰੂ ਗੋਬਿੰਦ ਸਿੰਘ ਨੇ, ਤੁਰੰਤ ਹੀ, ਉਥੇ ਹੀ ਅਟਕਣ, ਅੰਤਮ ਸੁਆਸਾਂ ਤਕ ਜੂਝਣ ਤੇ ਜੀਉਂਦੇ-ਜੀ ਵੈਰੀ ਦੇ ਹੱਥ ਨਾ ਆਉਣ ਦਾ ਫ਼ੈਸਲਾ ਕਰ ਲਿਆ । ਪਿੰਡ ਦੀ ਇਕ ਹਵੇਲੀ, ਇਸ ਬੇਮਿਸਾਲ ਧਰਮ-ਯੁੱਧ ਦੇ ਬਚੇ ਹੋਏ ਇਨ੍ਹਾਂ ਗੇਣਵੇਂ ਪਰਵਾਨਿਆਂ ਦੀ ਗੜ੍ਹੀ ਬਣ ਗਈ । ਸਵੇਰ ਹੁੰਦਿਆਂ ਹੀ, ਲੱਖਾਂ ਹਥਿਆਰਬੰਦ ਫ਼ੌਜੀਆਂ ਨੇ ਇਹਨੂੰ ਚੁਫੇਰਿਉਂ ਘੇਰ ਲਿਆ । ਵੈਰੀ-ਦਲ ਨੂੰ ਗੜ੍ਹੀ ਤੋਂ ਪਰੇਡੇ ਰਖਣ ਲਈ, ਪਹਿਲਾਂ ਤੀਰ ਵਰਤੇ ਗਏ । ਜਦੋਂ ਉਹ ਮੁਕ ਗਏ ਤਾਂ ਹੱਥੋ-ਹੱਥ ਲੜਾਈ ਸ਼ੁਰੂ ਹੋ ਪਈ ।

ਨਿੱਕੇ-ਨਿੱਕੇ ਜੱਥੇ ਗੜ੍ਹੀ ਵਿੱਚੋਂ ਵਾਰੋ-ਵਾਰ ਨਿਕਲਣ, ਜੂਝਣ ਤੇ ਸ਼ਹੀਦ ਹੋਣ ਲਗ ਪਏ । ਇਨ੍ਹਾਂ ਵਿੱਚੋਂ ਦੋਹਾਂ ਦੀ ਜਥੇਦਾਰੀ ਗੁਰੂ ਤੇਗ਼ ਬਹਾਦਰ ਦੇ ਸਪੁੱਤਰ, ਗੁਰੂ ਗੋਬਿੰਦ ਸਿੰਘ, ਨੇ ਆਪਣੇ ਦੋ ਨਾਬਾਲਗ਼ ਸਪੁੱਤਰਾਂ ਨੂੰ ਆਪ ਸੌਂਪੀ । ਉਨ੍ਹਾਂ ਨੂੰ ਆਪ ਆਪਣੇ-ਹੱਥੀਂ ਤੋਰਿਆ । ਅਤੇ ਆਪਣੀਆਂ ਅੱਖਾਂ ਸਾਹਵੇਂ ਲੜਦਿਆਂ ਤੇ ਪੁਰਜ਼ਾ-ਪੁਰਜ਼ਾ ਹੁੰਦਿਆਂ ਵੇਖਿਆ । ਜਿਗਰ ਦੇ ਟੋਟਿਆਂ ਨੂੰ ਟੋਟੇ-ਟੋਟੇ ਹੁੰਦਿਆਂ ਵੇਖ ਕੇ, ਚੜ੍ਹਦੀ-ਕਲਾ ਦੇ ਪੁੰਜ ਨਾ ਡੋਲੇ, ਨਾ ਘਾਬਰੇ । ਗਿਲਾ-ਸ਼ਿਕਵਾ ਕਰਨਾ ਤਾਂ ਕਿਤੇ ਰਿਹਾ, ਸਗੋਂ ਪ੍ਰਭੂ ਦਾ ਧੰਨਵਾਦ ਕੀਤਾ :

"ਰਬਾ ! ਤੇਰਾ ਸ਼ੁਕਰੀਆ !! ਦੇਸ਼-ਧਰਮ
ਲਈ ਇਕ ਹੋਰ ਅਮਾਨਤ ਅਦਾ ਹੋ ਗਈ ਹੈ ।"

ਹਾਂ, ਮਗਰੋਂ ਸਿਰਫ਼ ਸਮੇਂ ਦੇ ਬਾਦਸ਼ਾਹ ਨੂੰ ਉਹਦੀ ਨੀਚਤਾ ਤੇ ਕਾਇਰਤਾ ਦਾ ਅਹਿਸਾਸ ਕਰਾਉਣ ਲਈ ਲਿਖਿਆ, "ਕੀ ਹੋਇਆ ਜੇ ਗਿਦੜ ਨੇ ਸ਼ੇਰ ਦੇ ਦੋ ਬੱਚਿਆਂ ਨੂੰ ਧੋਖੇ ਤੇ ਧ੍ਰੋਹ ਨਾਲ ਕੋਹ ਲਿਆ ਹੈ ? ਸ਼ੇਰ ਅਜੇ ਜੀਉਂਦਾ ਹੈ ਤੇ ਉਨ੍ਹਾਂ ਦੇ ਅਦਲੇ-ਬਦਲੇ ਗਿਣ ਕੇ ਲੈ ਸਕਦਾ ਹੈ ।" :

چہ شد گر شغالے بہ مکر و ریا ؟
ہمیں کشت تو بچگۂ شیر را — [ فتح نامہ

ਦੋ ਛੋਟੇ ਬੱਚੇ ਤੇ ਪੂਜਯ ਮਾਤਾ ਜੀ ਸਰਹਿੰਦ ਦੀ ਭੇਟ ਚੜ੍ਹ ਗਏ । ਜਦੋਂ ਪਤਾ ਲਗਾ ਕਿ ਦੋਵੇਂ ਜੀਉਂਦੇ-ਜੀ ਕੰਧਾਂ ਵਿਚ ਚਿਣੇ ਗਏ ਹਨ, ਅਤੇ ਦੋਹਾਂ ਨੇ ਆਪਣਾ ਧਰਮ ਤੇ ਉਦੇਸ਼ ਕੇਸਾਂ-ਸੁਆਸਾਂ ਸੰਗ ਨਿਭਾਹਿਆ ਹੈ, ਤਾਂ ਸ਼ਕਤੀ-ਤੇ-ਭਗਤੀ ਦੇ ਮੁਜੱਸਮ ਨੇ ਸਗੋਂ ਹੋਰ ਸ਼ੁਕਰ ਮਨਾਇਆ । ਮਗਰੋਂ ਜਦੋਂ ਮਾਂ ਦੀ ਮਮਤਾ ਨੇ ਪੁੱਛਿਆ :

"ਮੇਰੇ ਬੱਚੇ ਕਿਥੇ ਹਨ ?"

ਤਾਂ ਚੜ੍ਹਦੀ-ਕਲਾ ਦੇ ਪੁੰਜ ਤੇ ਦੇਸ਼-ਭਗਤੀ ਦੇ ਪੁਤਲੇ ਨੇ ਨਿਸ਼ੰਗ ਆਖਿਆ :

"ਉਹ ਦੇਸ਼-ਕੌਮ ਦੀ ਦਰਵੱਟਣੀ ਤੋਂ ਘੋਲ-ਘੁਮਾ ਦਿੱਤੇ ਹਨ ।"
"ਚਾਰੇ !"
"ਹਾਂ, ਚਾਰੇ ।"
"ਹੈਂ !"
"ਹਾਂ, ਪਰ......................
ਚਾਰ ਮੂਏ ਤੋ ਕਿਹਾ ਹੂਆ
ਜੀਵਤ ਕਈ ਹਜ਼ਾਰ !!"

ਹਾਂ, ਮਗਰੋਂ ਜਦੋਂ ਜਾਬਰ ਬਾਦਸ਼ਾਹ ਵਲ ਚਿੱਠੀ ਲਿਖਣ ਦਾ ਮੌਕਾ ਮਿਲਿਆ ਤਾਂ ਉਹਦੀ ਬਦੀਮਾਨੀ ਤੇ ਬੁਜ਼ਦਿਲੀ ਨੂੰ ਵੰਗਾਰਦਿਆਂ ਆਖਿਆ, "ਕਾਇਰਾ ! ਇਹਦੇ ਵਿਚ ਤੇਰੀ ਕੀ ਬਹਾਦਰੀ ਹੋਈ ? ਕੀ ਹੋਇਆ ਜੇ ਤੂੰ ਮੇਰੇ ਚਾਰ ਪੁੱਤਰ ਮਰਵਾ ਦਿੱਤੇ ਹਨ ? ਯਾਦ ਰਖ ਕੁੰਡਲ-ਸੱਪ ਅਜੇ ਜੀਉਂਦਾ ਹੈ !" :

چہ گردید گر بچگاں کشتہ چار ؟
کہ باقی بماند است پیچیدہ مار —

"ਬੁਜ਼ਦਿਲਾ ! ਇਹਦੇ ਵਿਚ ਵੀ ਕਾਹਦੀ ਜਵਾਂਮਰਦੀ ਹੋਈ ਕਿ ਤੂੰ ਕੁਝ ਚੰਗਿਆੜੀਆਂ ਨੂੰ ਬੁਝਾ ਦਿੱਤਾ ਹੈ ਜਦ ਕਿ ਇਨ੍ਹਾਂ ਦੇ ਬੁੱਝਣ ਨਾਲ ਦਘਦੀ ਹੋਈ ਜਵਾਲਾ ਭੜਕ ਉਠੀ ਹੈ ।"

چہ مردی کہ اخگر خاموشاں کنی ؟
کہ آتش دماں را فروزاں کنی —
[ ظفر نامہ

# ੧੨

ਚਮਕੌਰ ਵਿਚ ਘਿਰੇ ਹੋਏ ਬਤਾਲੀ ਸਿੰਘਾਂ ਵਿੱਚੋਂ, ਅਨ੍ਹੇਰਾ ਪੈਣ ਤਕ, ਕੇਵਲ ਗਿਆਰਾਂ ਰਹਿ ਗਏ । ਸ਼ਾਹੀ ਜਰਨੈਲਾਂ ਤੇ ਪਹਾੜੀ ਰਾਜਿਆਂ ਨੂੰ ਯਕੀਨ ਹੋ ਗਿਆ ਕਿ ਉਹ ਹੁਣ ਦਿਨ ਚੜ੍ਹਦਿਆਂ ਹੀ, ਗੁਰੂ ਗੋਬਿੰਦ ਸਿੰਘ ਤੇ ਉਨ੍ਹਾਂ ਦੇ ਹੁਣ ਕੇਵਲ ਉਂਗਲਾਂ-ਤੇ-ਗਿਣੇ-ਜਾਣ-ਜੋਗੇ ਸਾਥੀਆਂ ਨੂੰ ਜੀਉਂਦੇ-ਜੀ ਫੜ ਲੈਣਗੇ ।

ਪਰ ਚਮਕੌਰ ਦੀ ਉਸ ਨਾਂ-ਧਰੀਕ ਗੜ੍ਹੀ ਤੇ ਲਹੂ-ਤਿਹਾਈ ਭੂਮੀ ਵਿਚ, ਦਸੰਬਰ ਦੀ ਉਸ ਭਿਆਨਕ ਰਾਤ ਜੋ ਕੁਝ ਵਾਪਰਿਆ ; ਗੁਰੂ ਤੇ ਗੁਰੂ ਦੇ ਜਾਨਬਾਜ਼ ਸਿੱਖਾਂ ਨੇ ਜਿਸ ਦਲੇਰੀ, ਕੁਰਬਾਨੀ, ਚੜ੍ਹਦੀ-ਕਲਾ, ਦੂਰ-ਦਰਸ਼ਤਾ ਤੇ ਨੀਤੀ-ਨਿਪੁੰਨਤਾ ਦਾ ਜੋ ਸਬੂਤ ਦਿੱਤਾ ; ਉਸ ਦਾ ਬਿਆਨ ਢੁਕਵੇਂ-ਫਬਵੇਂ ਲਫ਼ਜ਼ਾਂ ਦਾ ਮੁਥਾਜ ਹੈ । ਦੁਨੀਆਂ ਦੀ ਕਿਸੇ ਵੀ ਹੋਰ ਤਾਕਤ ਸਾਹਵੇਂ ਨਾ ਝੁਕਣ ਵਾਲਾ "ਪੰਥ ਦਾ ਵਾਲੀ", ਆਪਣੇ ਪੰਥ ਦੇ ਮੁੱਠੀ-ਭਰ ਸੇਵਕਾਂ ਦੇ ਫ਼ੈਸਲੇ ਸਾਹਵੇਂ ਝੁਕ ਗਿਆ । ਉਨ੍ਹਾਂ 'ਖ਼ਾਲਸੇ' ਨੂੰ ਹੀ ਗੁਰਿਆਈ ਤੇ ਕੌਮ-ਉਸਾਰੀ ਦਾ ਰਹਿੰਦਾ ਕੰਮ ਸੌਂਪ ਕੇ, ਗੜ੍ਹੀਉਂ ਨਿਕਲਣ ਦਾ ਪਰੋਗਰਾਮ ਬਣਾ ਲਿਆ । ਫਿਰ ਲੱਖਾਂ ਦੀ ਗਿਣਤੀ ਵਿਚ ਮੀਲਾਂ ਤਕ ਪਸਰੇ ਹੋਏ ਵੈਰੀ-ਦਲਾਂ ਨੂੰ ਚੀਰਦੇ; "ਪੀਰੇ-ਹਿੰਦੂਆਂ ਮੇਰਵਦ"[1] ਦੀਆਂ ਹੇਕਾਂ ਲਾਉਂਦੇ; ਜਾਬਰਾਂ ਦਾ ਲੱਕ ਤੋੜਦੇ; ਅਤੇ ਉਨ੍ਹਾਂ ਦੀਆਂ ਸਭ ਉਮੀਦਾਂ ਤੇ ਸਕੀਮਾਂ ਉਤੇ ਪਾਣੀ ਫੇਰਦੇ, ਮੱਖਣ ਵਿੱਚੋਂ ਵਾਲ ਵਾਂਗ ਨਿਕਲ ਗਏ।

ਮਗਰੋਂ ਜਦੋਂ ਦਮਦਮੇ ਤੋਂ ਔਰੰਗਜ਼ੇਬ ਨੂੰ ਚਿੱਠੀ ਲਿਖੀ, ਤਾਂ ਉਸ ਵਿਚ ਉਸ ਦੇ ਫ਼ੌਜਦਾਰਾਂ ਦੇ ਵਿਸਾਹ-ਘਾਤ ਤੇ ਚਮਕੌਰ ਵਿਚ ਜੂਝੇ ਗੇਣਵੇਂ ਸਾਥੀਆਂ ਦੀ ਜਾਨਬਾਜ਼ੀ ਦਾ ਜ਼ਿਕਰ ਕਰਦਿਆਂ, ਗੁਰੂ ਗੋਬਿੰਦ ਸਿੰਘ ਨੇ ਬੜੇ ਮਾਣ ਨਾਲ ਆਖਿਆ, "ਜੇ ਮੈਂ ਤੁਹਾਡੀਆਂ ਕੁਰਾਨ ਉਤੇ ਹੱਥ ਰਖ ਕੇ ਚੁਕੀਆਂ ਸੌਂਹਾਂ ਉਤੇ ਇਤਬਾਰ ਨਾ ਕਰਦਾ ਤਾਂ ਮੈਂ ਆਪਣੀ ਜਾਨ ਨਾਲੋਂ ਵੀ ਪਿਆਰੀ ਸੈਨਾ ਨੂੰ ਇਉਂ ਬਰਬਾਦ ਨਾ ਕਰਾਉਂਦਾ । ਆਖ਼ਰ ਚਾਲ੍ਹੀ ਭੁੱਖੇ, ਨਿਹੱਥੇ ਤੇ ਬੇਖ਼ਬਰ ਬੰਦੇ ਤੁਹਾਡੀ ਦਸ-ਲੱਖੀ ਹਥਿਆਰਬੰਦ ਸੈਨਾ ਦੇ ਵਿਸਾਹਘਾਤੀ ਹੱਲੇ ਸਾਹਵੇਂ ਕੀ ਕਰ ਸਕਦੇ ਸਨ ?" :

---

[1]ਹਿੰਦੂਆਂ ਦਾ ਪੀਰ ਜਾ ਰਿਹਾ ਜੇ ।

گرسنه چہ کارے کند چمل نر
کہ دہ لکھہ بیاد برو بے خبر ؟
ظفر نامہ ]

"ਫਿਰ ਵੀ ਉਹ ਅੰਤਲੇ ਸੁਆਸਾਂ ਤਕ ਲੜੇ ਤੇ ਕਿਸੇ ਨੇ ਪਿੱਠ ਨਾ ਵਿਖਾਈ । ਅਜਿਹੀ ਹਾਲਤ ਵਿਚ ਮੈਨੂੰ ਆਪ ਤਲਵਾਰ ਸੂਤ ਕੇ ਮੈਦਾਨ ਵਿਚ ਨਿਤਰਨ ਤੋਂ ਸਿਵਾ ਹੋਰ ਕੋਈ ਚਾਰਾ ਨਜ਼ਰ ਨਾ ਆਇਆ । ਤੇ ਇਹ ਹੈ ਵੀ ਯੋਗ, ਕਿਉਂਕਿ ਜਦੋਂ ਕੋਈ ਸਥਿੱਤੀ ਸੁਲਾਹਕੁਲੀ ਦੇ ਸਾਰੇ ਹੀਲੇ ਵਰਤਿਆਂ ਵੀ ਸੁਧਰ ਨਾ ਸਕੇ ਅਤੇ ਵੈਰੀ ਆਪਣੀ ਬਦਨੀਤੀ ਤੋਂ ਟਲਦਾ ਨਜ਼ਰ ਨਾ ਆਏ, ਤਾਂ ਮਰਦਾਂ ਵਾਂਗ ਤਲਵਾਰ ਨੂੰ ਵਰਤਣਾ ਧਰਮ ਹੋ ਜਾਂਦਾ ਹੈ ।" :

چو کار از ہمہ حیلتے در گزشت
حلال است بردن بشمشیر دست—
ظفر نامہ ]

ਔਰੰਗਜ਼ੇਬ ਜਹੇ ਜਾਬਰ ਤੇ ਜ਼ਬਰਦਸਤ ਬਾਦਸ਼ਾਹ ਨੂੰ ਅਜਿਹੇ ਬਿਖੜੇ ਸਮੇਂ ਤੇ ਉਖੜੇ ਹਾਲਾਤ ਵਿਚ, ਅਜਿਹੀ ਗਰਜਵੀਂ ਵੰਗਾਰ ·ਤੇ ਲੱਕ-ਤੋੜਵੀਂ ਫਿਟਕਾਰ, ਵਿਸ਼ੇਸ਼ ਕਰਕੇ ਲਿਖਤੀ ਤੌਰ ਤੇ, ਉਹੀ ਪਾ ਸਕਦਾ ਹੈ ਜਿਸ ਦੇ ਅੰਗ-ਅੰਗ ਵਿਚ ਅਣਖ, ਬੀਰਤਾ, ਸਵੈ-ਮਾਨ, ਸਵੈ-ਵਿਸ਼ਵਾਸ਼ ਤੇ ਚੜ੍ਹਦੀ-ਕਲਾ ਰਚੀ ਹੋਈ ਹੋਵੇ ।

ਚੜ੍ਹਦੀ-ਕਲਾ ਵੀ ਫਿਰ ਅਜਿਹੀ, ਕਿ ਮਮਤਾ ਨੂੰ ਉਜਿਹਾ ਜੁਆਬ ਤੇ ਹਕੂਮਤ ਨੂੰ ਅਜਿਹੀ ਵੰਗਾਰ ਲਿਖਣ ਵਾਲੇ ਨੇ ਜਦੋਂ ਮਾਛੀਵਾੜੇ ਦੀ ਜੂਹ ਵਿਚ ਕਲ-ਮੁਕੱਲੇ ਲੇਟਿਆਂ, ਆਪਣੇ ਰੱਬ ਨੂੰ ਸੁਨੇਹਾ ਘਲਣਾ ਚਾਹਿਆ ਤਾਂ ਉਸ ਵਿਚ ਵੈਰੀਆਂ ਦੇ ਵਿਸਾਹ-ਘਾਤ ਦਾ ਗਿਲਾ ਨਹੀਂ ਕੀਤਾ; ਬੱਚਿਆਂ ਤੇ ਸੇਵਕਾਂ ਦੇ ਬੇਰਹਿਮ ਕਤਲਾਂ ਬਾਰੇ ਕੋਈ ਸ਼ਿਕਾਇਤ ਨਹੀਂ ਕੀਤੀ; ਆਪਣੀ ਬੇਬਸੀ ਤੇ ਬੇਸਰੋਸਾਮਾਨੀ ਸੰਬੰਧੀ ਕੋਈ ਮਿਹਣਾ ਨਹੀਂ ਮਾਰਿਆ । ਮਨੁੱਖਤਾ ਦੇ ਉਸਰੱਈਏ, ਕੁਰਬਾਨੀ ਦੇ ਪੁੰਜ ਤੇ ਚੜ੍ਹਦੀ-ਕਲਾ ਦੇ ਮੁਜੱਸਮ ਨੇ ਅਤਿ ਪਿਆਰ ਤੇ ਭਰਪੂਰ ਸ਼ਰਧਾ ਵਿਚ ਬਿਹਬਲ ਹੋ ਕੇ, ਉੱਚੀ ਹੇਕ ਨਾਲ, ਸਗੋਂ ਇਉਂ ਗਾਂਵਿਆ :

ਮਿੱਤਰ ਪਿਆਰੇ ਨੂੰ, ਹਾਲ ਮੁਰੀਦਾਂ ਦਾ ਕਹਿਣਾ।
ਤੁਧ ਬਿਨੁ ਰੋਗੁ ਰਜ਼ਾਈਆਂ ਦਾ ਓਢਣ,
[1]ਨਾਗ ਨਿਵਾਸਾਂ ਦੇ ਰਹਿਣਾ ।
ਸੂਲ ਸੁਰਾਹੀ, ਖ਼ੰਜਰ ਪਿਆਲਾ,
[2]ਬਿੰਗ ਕਸਾਈਆਂ ਦਾ ਸਹਿਣਾ ।

ਯਾਰੜੇ ਦਾ ਸਾਨੂੰ [3]ਸਥਰ ਚੰਗਾ,
ਭੱਠ ਖੇੜਿਆਂ ਦਾ ਰਹਿਣਾ ।

[ਖ਼ਿਆਲ ਪਾਤਸ਼ਾਹੀ ੧੦

ਅਜਿਹੀ ਦੁਖਾਵੀਂ ਅਵਸਥਾ ਵਿਚ ਵਿਚਰਦਿਆਂ ਵੀ — ਜਦੋਂ ਮੁਗ਼ਲ ਸੈਨਾ ਉਨ੍ਹਾਂ ਦੀ ਢੂੰਢ ਵਿਚ ਪਤਾ-ਪਤਾ ਫੋਲ ਰਹੀ ਹੋਵੇ; ਜਦੋਂ ਸਾਰਾ ਹੀ ਸੰਗ-ਸਾਥ ਛੁਟ ਗਿਆ ਹੋਵੇ, ਜਦੋਂ ਮਾਪੇ ਤੇ ਪੁਤ ਸ਼ਹੀਦ ਹੋ ਗਏ ਹੋਣ; ਜਦੋਂ ਸੰਸਾਰਕ ਜੀਵਨ ਦੇ ਸਾਰੇ ਸਾਧਨ ਨਿਖੁੱਟ ਗਏ ਹੋਣ; ਅਤੇ ਜਦੋਂ ਸਰੀਰ ਦਾ ਅੰਗ-ਅੰਗ ਥੱਕ-ਟੁੱਟ ਗਿਆ ਹੋਵੇ — ਇੰਨਾ ਅਡੋਲ ਤੇ ਨਿਰਲੇਪ ਹੋ ਕੇ ਆਪਣੇ 'ਅਸਲੇ' ਨਾਲ ਇਉਂ ਜੁੜ ਜਾਣਾ ਅਤਿ ਦਰਜੇ ਦੇ ਸਿਦਕ, ਦ੍ਰਿੜਤਾ ਤੇ ਚੜ੍ਹਦੀ-ਕਲਾ ਦਾ ਹੀ ਚਮਤਕਾਰ ਹੈ ।

---

੧. ਸੱਪ ।

੨. ਕਸ਼ਟ; ਛੁਰਾ; ਵਿਅੰਗ, ਰਮਜ਼ ।

੩. ਭੂਮਾਸਨ ।

## ੧੩

ਪਰ ਉਨ੍ਹਾਂ ਲਈ ਤਾਂ ਇਹ ਕੁਝ ਸੁਭਾਵਕ ਹੀ ਸੀ । ਅਮਨ ਹੋਵੇ ਜਾਂ ਜੰਗ, ਉਨ੍ਹਾਂ ਦਾ ਟੇਕ-ਤਕੀਆ ਕੇਵਲ ਰੱਬ ਹੀ ਸੀ । ਉਹ ਆਪਣੇ ਸਾਰੇ ਜੀਵਨ ਅਤੇ ਉਸ ਦੀ ਸਫਲਤਾ ਤੇ ਚੜ੍ਹਦੀ-ਕਲਾ ਦਾ ਮੂਲ-ਆਧਾਰ ਵੀ ਤਾਂ ਉਸੇ ਨੂੰ ਹੀ ਮੰਨਦੇ ਸਨ । ਨਾਲੇ, ਸੰਸਾਰ ਦੇ ਸੈਨਿਕ ਤੇ ਧਾਰਮਿਕ ਇਤਿਹਾਸ ਵਿਚ ਧਰਮ-ਭਾਵਨਾ ਤੇ ਯੁੱਧ-ਭਾਵਨਾ ਦਾ ਸੁਮੇਲ ਵੀ ਪਹਿਲਾਂ-ਪਹਿਲ, ਸ਼ਾਇਦ, ਆਪ ਨੇ ਹੀ ਕੀਤਾ। ਉਸ ਜੀਵ ਨੂੰ "ਧੰਨ" ਆਖਣ ਦੀ ਪਹਿਲ ਵੀ ਤਾਂ ਆਪ ਨੇ ਹੀ ਕੀਤੀ ਜੋ ਜੰਗ ਵਿਚ ਜੂਝਦਿਆਂ ਵੀ ਰੱਬ ਦਾ ਧਿਆਨ ਤੇ ਧੀਰਜ ਹੱਥੋਂ ਨਹੀਂ ਛੱਡਦਾ । :

ਧੰਨ ਜੀਉ ਤਿਹ ਕੋ ਜਗ ਮਹਿ ;
ਮੁਖ ਤੇ ਹਰਿ, ਚਿਤ ਮਹਿ ਜੁਧ ਬੀਚਾਰੈ ।
ਦੇਹ ਅਨਿਤ ਨ ਨਿਤ ਰਹਹਿ ;
ਜਸ ਨਾਵ ਚੜ੍ਹੈ, ਭਵਸਾਗਰ ਤਾਰੈ ।
ਧੀਰਜ ਧਾਮ ਬਨਾਇ ਇਹੈ ਤਨ ;
ਬਧਿ ਸੁ ਦੀਪਕ ਜਿਉਂ ਉਜਯਾਰੈ ।
ਗਿਆਨਹਿ ਕੀ [1]ਬਢਨੀ ਮਨਹੁ ਹਾਥ ਲੈ,
[2]ਕਾਤਰਤਾ ਕੁਤਵਾਰ [3]ਬੁਹਾਰੈ । ੨੪੯੦ ।

[ਕ੍ਰਿਸ਼ਨਾਵਤਾਰ

ਤਦੇ ਤਾਂ ਮੁਕਤਸਰ ਦੀ ਜੰਗ ਤੋਂ ਵਿਹਲੇ ਹੁੰਦਿਆਂ ਤੇ ਤਲਵੰਡੀ ਪਹੁੰਚਦਿਆਂ ਹੀ, ਜਦੋਂ ਸੁੱਖ ਦਾ ਸਾਹ ਮਿਲਿਆ ਤਾਂ ਕਈ ਮੈਦਾਨ ਮਾਰ ਆਏ ਤੇ ਥੱਕੇ-ਟੁੱਟੇ ਇਸ ਅਦੁੱਤੀ ਜਰਨੈਲ ਤੇ ਸਰਬੰਸ-ਦਾਨੀ ਨੇ, ਤੁਰੰਤ ਹੀ, ਜੰਗ ਦਾ ਕਾਂਟਾ ਬਦਲ ਦਿੱਤਾ । ਹੋਰ ਤਾਂ ਹੋਰ, ਇਸ ਬਿਖੜੇ ਤੇ ਥੋੜ੍ਹੇ ਜਹੇ ਸਮੇਂ ਵਿਚ ਹੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਨੂੰ ਮੂੰਹ-ਜ਼ਬਾਨੀ ਲਿਖਵਾ ਕੇ ਨਵੀਂ ਬੀੜ ਤਿਆਰ ਕਰਵਾ ਲੈਣੀ ਵੀ ਤਾਂ ਉਸੇ ਚੜ੍ਹਦੀ-ਕਲਾ ਦਾ ਹੀ ਇਕ ਹੋਰ ਚਮਤਕਾਰ ਹੈ ।

ਇਉਂ ਹੀ ਨਾਦੇੜ ਵਿਚ ਹੋਏ ਇਕ ਹੋਰ ਮਾਰੂ ਵਿਸਾਹ-ਘਾਤ ਤੋਂ ਬਾਅਦ, ਸੰਸਾਰ-ਯਾਤਰਾ ਦੀ ਸਫ਼ਲ ਸਮਾਪਤੀ ਤੇ, ਜਦੋਂ ਆਪ ਅੱਖਾਂ ਮੀਟਣ ਲਗੇ, ਤਾਂ ਇਸੇ ਤਰ੍ਹਾਂ ਦੀ ਦੂਰ-ਦਰਸ਼ਤਾ ਤੇ ਚੜ੍ਹਦੀ-ਕਲਾ ਦਾ ਸਬੂਤ ਦੇਂਦਿਆਂ, ਆਪ ਨੇ ਇਸੇ ਬੀੜ ਨੂੰ ਸਦੀਵੀ ਗੁਰਿਆਈ ਦੇ ਕੇ, ਕੌਮ ਦੀ ਬਾਗ-ਡੋਰ ਸਦਾ ਲਈ ਸਮੁੱਚੇ ਪੰਥ ਦੇ ਹਵਾਲੇ ਕਰ ਦਿੱਤੀ ।

---

1. ਝਾੜੂ । 2. ਕਾਇਰਤਾ । 3. ਕੂੜਾ ਸੰਭਰ ਕੇ ਬਾਹਰ ਸਿਟ ਦੇਂਦਾ ਹੈ ।

# ੧੪

ਸਰੀਰਕ ਤੌਰ ਤੇ, ਤਾਂ ਆਪ ੧੭੦੮ ਵਿਚ ਜੋਤੀ-ਜੋਤ ਸਮਾ ਗਏ, ਪਰ ਆਤਮਕ ਤੌਰ ਤੇ ਆਪ ਆਪਣੇ 'ਪੰਥ' ਦੇ ਸਦਾ ਅੰਗ-ਸੰਗ ਰਹੇ ਤੇ ਰਹਿਣਗੇ । ਇਹਨੂੰ ਸਜਾਉਣ ਤੋਂ ਬਾਅਦ, ਆਪਣਾ ਨਾਂ, ਰੂਪ, ਸਪਿਰਿਟ ਤੇ ਗੁਰਿਆਈ ਦੇਣ ਲਗਿਆਂ, ਉਨ੍ਹਾਂ ਆਪ ਆਖਿਆ ਸੀ ਕਿ ਇਹ ਮੇਰਾ ਖ਼ਾਸ ਰੂਪ (alter-ego) ਹੈ :

ਖ਼ਾਲਸਾ ਮੇਰੋ ਰੂਪ ਹੈ ਖ਼ਾਸ ;
ਖ਼ਾਲਸੇ ਮਹਿ ਹਉ ਕਰਉ ਨਿਵਾਸ ।
ਖ਼ਾਲਸਾ ਮੇਰੋ ਪਿੰਡ ਪਰਾਨ ;
ਖ਼ਾਲਸਾ ਮੇਰੋ ਜਾਨ ਕੀ ਜਾਨ ।
ਖ਼ਾਲਸਾ ਮੇਰੋ ਸਤਿਗੁਰ ਪੂਰਾ ;
ਖ਼ਾਲਸਾ ਮੇਰੋ ਸੱਜਣ ਸੂਰਾ ।

[ਸਰਬ ਲੋਹ

ਇਕ ਗ਼ੁਲਾਮ ਦੇਸ਼ ਦੇ ਸਦੀਆਂ ਤੋਂ ਦੁਰਕਾਰੇ ਹੋਏ ਅਤੇ ਕਮੀਂ-ਕਮੀਨ ਆਖ ਕੇ ਧਿਰ-ਕਾਰੇ ਹੋਏ ਲੋਕਾਂ ਦੀ ਕਾਇਆਂ-ਕਲਪ ਕਰ ਕੇ, ਜਦੋਂ ਉਨ੍ਹਾਂ ਨੂੰ ਆਪਣੀ "ਜਾਨ ਕੀ ਜਾਨ" ਆਖ ਚੁਕੇ, ਉਨ੍ਹਾਂ ਨੂੰ ਆਪਣਾ ਇਸ਼ਟ-ਈਮਾਨ ਮੰਨ ਚੁਕੇ, ਤਾਂ ਇਸ ਲਾਸਾਨੀ ਤੇ ਇਨ-ਕਲਾਬੀ ਬਿਆਨ ਦੀ ਸੱਚਾਈ ਤੇ ਪੱਕਿਆਈ ਉਤੇ ਮੁਹਰ ਲਾਉਂਦਿਆਂ, ਅਖ਼ੀਰ ਇਥੋਂ ਤਕ ਆਖ ਦਿਤਾ : "ਲੋਕੋ, ਇਹ ਜੋ ਕੁਝ ਮੈਂ ਆਖਿਆ ਹੈ, ਇਸ ਵਿਚ ਰਤੀ ਜਿੰਨਾ ਝੂਠ, ਖ਼ੁਸ਼ਾਮਦ ਜਾਂ ਮੁਬਾਲਗ਼ਾ ਨਹੀਂ । ਮੈਂ ਇਹ ਬਿਆਨ ਅਕਾਲਪੁਰਖ ਤੇ ਗੁਰੂ ਨਾਨਕ ਦੇਵ ਨੂੰ ਹਾਜ਼ਰ-ਨਾਜ਼ਰ ਸਮਝ ਕੇ, ਪੂਰੀ ਦਿਆਨਤਦਾਰੀ ਤੇ ਜ਼ਿਮੇਂਵਾਰੀ ਨਾਲ ਦੇ ਰਿਹਾ ਹਾਂ । ਇਹ "ਤਸਦੀਕ" ਗੁਰੂ ਗੋਬਿਦ ਸਿੰਘ ਦੇ ਆਪਣੇ ਸ਼ਬਦਾਂ ਵਿਚ ਇਉਂ ਅੰਕਿਤ ਹੈ :

ਯਾ ਮੈਂ ਰੰਚ ਨ ਮਿਥਿਆ ਭਾਖੀ ;
ਪਾਰਬ੍ਰਹਮ ਗੁਰੂ ਨਾਨਕ ਸਾਖੀ ।

ਆਪੇ ਬਣਾਏ ਆਪਣੇ ਸੇਵਕਾਂ ਲਈ ਅਜਿਹੀ ਨੇਕ-ਨੀਤੀ, ਸਿਦਕ-ਦਿਲੀ ਤੇ ਦਰਿਆ-ਦਿਲੀ ; ਉਨ੍ਹਾਂ ਨਾਲ ਅਜਿਹੀ ਇਕ-ਰੂਪਤਾ, ਇਕ-ਮਿਕਤਾ ਤੇ ਇਕ-ਸਮਾਨਤਾ ਸੰਬੰਧੀ ਅਜਿਹਾ ਖੁਲ੍ਹਾ ਐਲਾਨ, ਅਤਿ ਦਰਜੇ ਦੀ ਚੜ੍ਹਦੀ-ਕਲਾ ਦਾ ਕੋਈ ਪੁੰਜ ਹੀ ਕਰ ਸਕਦਾ ਹੈ । ਇਸ ਦਾ ਇਕ ਭਰਵਾਂ ਸਬੂਤ ਆਨੰਦਪੁਰ ਹੋਏ ਇਕ ਜੱਗ ਦੇ ਸੰਬੰਧ, ਮਿਸ਼ਰ ਜੀ ਦੇ ਰੋਸ ਤੇ

ਗੁਰੂ ਜੀ ਦੇ ਜਵਾਬ ਵਿਚ ਵੀ ਵਿਦਮਾਨ ਹੈ। ਕੇਸ਼ਵ ਦਾਸ ਨੂੰ ਗੁੱਸਾ ਇਸ ਗੱਲ ਦਾ ਸੀ ਕਿ ਗੁਰੂ ਗੋਬਿੰਦ ਸਿੰਘ ਨੇ ਸਾਰੀ ਜੱਗ-ਸਾਮਗਰੀ ਆਪਣੇ ਸਿੱਖਾਂ ਜਿਨ੍ਹਾਂ ਨੂੰ ਉਹ ਨੀਚ ਤੇ ਕਮੀਨ ਸਮਝਦਾ ਸੀ, ਵਿਚ ਵਰਤਾ ਦਿੱਤੀ ਅਤੇ ਇਉਂ ਉਹਦੇ ਭਾਣੇ, ਸਾਰਾ ਜੱਗ ਅਸਫ਼ਲ ਤੇ ਭੋਜਨ ਅਪਵਿੱਤਰ ਕਰ ਦਿੱਤਾ। 'ਦੇਗ਼-ਤੇਗ਼' ਦੇ ਸੰਚਾਲਕ ਨੇ ਨਿਸ਼ੱਕ ਆਖਿਆ : "ਮਿਸ਼ਰ ਜੀ ! ਜਿਨ੍ਹਾਂ ਨੂੰ ਤੁਸੀਂ ਨੀਚ ਤੇ ਕਮੀਨ ਆਖਦੇ ਹੋ, ਮੇਰੀਆਂ ਨਜ਼ਰਾਂ ਵਿਚ ਉੱਚੇ ਤੇ ਸੁੱਚੇ ਓਹੀ ਹਨ। ਨਾਲੇ ਮੇਰੇ ਦਾਨ ਤੇ ਸੇਵਾ-ਸੰਭਾਲ ਦੇ ਅਸਲ ਹੱਕਦਾਰ ਵੀ ਤਾਂ ਇਹੋ ਹਨ। ਇਨ੍ਹਾਂ ਦੀ ਹੀ ਮਿਹਰਬਾਨੀ ਨਾਲ ਮੈਂ ਜੰਗ ਜਿੱਤੇ ਹਨ, ਅਤੇ ਇਹ ਸਭ ਕੁਝ ਪ੍ਰਾਪਤ ਕੀਤਾ ਹੈ। ਮੈਂ ਆਪ ਵੀ ਤਾਂ ਇਨ੍ਹਾਂ ਦਾ ਹੀ ਬਣਾਇਆ ਹੋਇਆ ਹਾਂ, ਨਹੀਂ ਤਾਂ ਮੇਰੇ ਜਹੇ ਕਰੋੜਾਂ ਗ਼ਰੀਬ ਐਵੇਂ ਹੀ ਭਉਂਦੇ ਫਿਰਦੇ ਹਨ। ਦਾਨ ਤੇ ਭੋਜਨ ਕੀ, ਮੇਰਾ ਤਨ-ਮਨ-ਧਨ ਸਭ ਕੁਝ ਇਨ੍ਹਾਂ ਦੀ ਸੇਵਾ ਲਈ ਹਾਜ਼ਰ ਹੈ":

ਜੁੱਧ ਜਿੱਤੇ ਇਨ ਹੀ ਕੇ [1]ਪ੍ਰਸਾਦਿ,
ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।
ਅਘ ਓਘ ਟਰੇ [2]ਇਨਹੀ ਕੇ ਪ੍ਰਸਾਦਿ,
ਇਨਹੀ ਕੀ ਕ੍ਰਿਪਾ ਫੁਨਿ ਧਾਮਿ ਭਰੇ।
ਇਨਹੀ ਕੇ ਪ੍ਰਸਾਦਿ ਸੁ ਬਿਦਿਯਾ ਲਈ,
ਇਨਹੀ ਕੀ ਕ੍ਰਿਪਾ ਸਭ [3]ਸ਼ਤ੍ਰੂ ਮਰੇ।
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,
ਨਹੀਂ [4]ਮੋਸਉ ਗ਼ਰੀਬ ਕਰੋਰਿ ਪਰੇ।

ਇਸੇ ਲਈ ਮੈਨੂੰ ਤਾਂ ਇਨ੍ਹਾਂ ਦੀ ਹੀ ਸੇਵਾ ਭਾਉਂਦੀ ਹੈ ਅਤੇ ਇਨ੍ਹਾਂ ਨੂੰ ਹੀ ਦਿੱਤਾ ਦਾਨ ਭਲਾ ਤੇ ਫਲਦਾਇਕ ਪ੍ਰਤੀਤ ਹੁੰਦਾ ਹੈ:

ਸੇਵ ਕਰੀ ਇਨਹੀ ਕੀ ਭਾਵਤ,
ਔਰ ਕੀ ਸੇਵ ਸੁਹਾਤ ਨ ਜੀ ਕੋ।............
ਮੋ ਗ੍ਰਿਹ ਮੈ ਤਨ ਤੇ, ਮਨ ਤੇ, ਸਿਰ
ਲੌ ਧਨ ਹੈ, ਸਭ ਹੀ ਇਨ ਹੀ ਕੋ।

[ਸਵੈਯੇ—ਖ਼ਾਲਸੇ ਦੀ ਮਹਿਮਾ

ਹਜ਼ੂਰੀ ਕਵੀ, ਸੈਨਾਪਤਿ, ਨੇ ਦੁਸ਼ਟ-ਦਮਨ ਦੇ ਅੰਤਲੇ ਹੁਕਮ ਦਾ ਜ਼ਿਕਰ ਕਰਦਿਆਂ, ਸਾਫ਼ ਦਸਿਆ ਹੈ ਕਿ ਸਿੱਖਾਂ ਦੀ ਇਸ ਬਿਪਹਬਲ ਪੁੱਛ : "ਆਪ ਤੋਂ ਬਾਅਦ ਗੁਰੂ ਕੌਣ ਹੋਣਗੇ"?—ਦਾ ਜੁਆਬ ਦੇਂਦਿਆਂ, ਪੰਥ-ਦੇ-ਵਾਲੀ ਨੇ ਫ਼ਰਮਾਇਆ : "ਮੈਂ ਗੁਰੂ-ਜਾਮਾ

---

[1]ਕਿਰਪਾ, ਮਿਹਰਬਾਨੀ। [2]ਦੁਖ-ਦਲਿੱਦਰ ਦੂਰ ਹੋਏ ਹਨ। [3]ਵੈਰੀ, ਦੁਸ਼ਮਣ। [4]ਮੇਰੇ ਵਰਗੇ।

ਖ਼ਾਲਸੇ ਨੂੰ ਬਖ਼ਸ਼ ਦਿੱਤਾ ਹੈ, ਅਗੋਂ ਬਸ ਖ਼ਾਲਸਾ ਹੀ ਗੁਰੂ ਹੋਵੇਗਾ।" :

ਤਾਹਿ ਸਮੇਂ ਗੁਰ ਬੈਨ ਸੁਨਾਇਓ ;
ਖ਼ਾਲਸਾ ਅਪਨੋ ਰੂਪ ਬਤਾਇਓ ।
ਖ਼ਾਲਸਾ ਹੀ ਸੋ ਹੈ ਮਮ ਕਾਮਾ,
ਬਖ਼ਸ਼ ਦੀਓ ਖ਼ਾਲਸੇ ਕੋ ਜਾਮਾ ।

[ਗੁਰੂ ਸ਼ੋਭਾ

ਇਉਂ, ਗੁਰੂ ਗੋਬਿੰਦ ਸਿੰਘ ਦੀ ਪਾਵਨ ਜੋਤ ਨੇ ਖ਼ਾਲਸੇ ਦੀ ਜੋਤ ਨੂੰ ਉਸ ਤਰ੍ਹਾਂ ਪ੍ਰਜੱਵਲਤ ਕਰ ਦਿੱਤਾ ਜਿਸ ਤਰ੍ਹਾਂ ਇਕ ਬੱਤੀ ਦੂਜੀ ਬੱਤੀ ਨੂੰ ਕਰਦੀ ਹੈ। ਇਸੇ ਲਈ ਉਸ ਅਗੰਮੀ ਜੋਤ ਦੇ ਹੋਰ ਸਾਰੇ ਗੁਣਾਂ ਦੇ ਨਾਲ ਨਾਲ, ਚੜ੍ਹਦੀ-ਕਲਾ ਵਾਲੀ ਇਹ ਅਦੁੱਤੀ ਅਸ਼ ਵੀ" ਗੁਰੂ-ਖ਼ਾਲਸੇ" ਵਿਚ ਸਹਿਜ-ਸੁਭਾ 'ਹਲੂਲ' ਹੋ ਗਈ।

ਇਸ ਨੂੰ ਇਸ ਦੀ ਜਿਹੜੀ 'ਜਾਗ' ਉਨ੍ਹਾਂ ਨੇ ਜੀਉਂਦੇ-ਜੀ ਲਾਈ, ਉਸ ਨੇ ਉਨ੍ਹਾਂ ਦੇ ਵੇਖਦੇ-ਵੇਖਦੇ ਵੀ, ਉਹ ਕੌਤਕ ਵਿਖਾਏ ਕਿ 'ਸਾਜਨਹਾਰ' ਆਪਣੀ 'ਸਾਜਨਾ' ਨੂੰ ਵੇਖ-ਵੇਖ ਵਿਗਸਦਾ ਤੇ ਵਾਰਨੇ-ਚੋਖੰਨੇ ਜਾਂਦਾ ਰਿਹਾ। ਇਸੇ ਦੀ ਬਹਾਦਰੀ, ਕੁਰਬਾਨੀ ਤੇ ਚੜ੍ਹਦੀ-ਕਲਾ ਨੇ ਉਨ੍ਹਾਂ ਦਾ ਨਿਸ਼ਚਾ ਇੰਨਾ ਦ੍ਰਿੜ੍ਹ ਕਰ ਦਿੱਤਾ, ਉਨ੍ਹਾਂ ਦਾ ਹੌਸਲਾ ਇੰਨਾ ਵਧਾ ਦਿੱਤਾ ਕਿ ਉਨ੍ਹਾਂ ਸਮੇਂ ਦੇ ਸ਼ਹਿਨਸ਼ਾਹ ਨੂੰ ਅਖ਼ੀਰ ਇਹ ਚੈਲੇਂਜ ਵੀ ਲਿਖ ਭੇਜਿਆ :

چناں آتش زیر نعلت نہم
ز پنجاب آبت نخوردن دہم—

[ فتح نامہ

"ਔਰੰਗਜ਼ੇਬ ! ਤੇਰੇ ਘੋੜੇ ਦੇ ਨਾਅਲਾਂ ਹੇਠ ਅਜਿਹੀ ਅੱਗ ਬਾਲ ਦਿਆਂਗਾ ਕਿ ਪਜਾਬ ਵਿਚੋਂ ਤਾਂ ਤੈਨੂੰ ਪਾਣੀ ਪੀਣਾ ਵੀ ਨਸੀਬ ਨਹੀਂ ਹੋਵੇਗਾ।"

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਚੜ੍ਹਦੀ-ਕਲਾ ਦੇ ਪੁੰਜ ਦਾ ਇਹ ਦਾਅਵਾ ਅੱਖਰ-ਅੱਖਰ ਸੱਚ ਨਿਕਲਿਆ। ਔਰੰਗਜ਼ੇਬ ਮੁੜ ਪੰਜਾਬ ਤਾਂ ਕੀ, ਉੱਤਰੀ ਹਿਦੁਸਤਾਨ ਵਲ ਵੀ ਆ ਨਾ ਸਕਿਆ; ਅਤੇ ਉਹ ਦੱਖਣ ਵਿਚ ਹੀ ਚਿੱਤ ਹੋ ਗਿਆ — ਅਜਿਹਾ ਕਿ ਉਹਦੇ ਚਿੱਤ ਹੋਣ ਨਾਲ ਉਹਦਾ ਰਾਜ-ਭਾਗ ਵੀ ਚਿੱਤ ਹੋ ਗਿਆ; ਉਹਦੇ ਨਾਮ-ਲੇਵੇ ਵੀ ਚਿੱਤ ਹੋ ਗਏ, ਅਜਿਹੇ ਕਿ ਅਜ ਤਾਂ ਕੋਈ 'ਮੁਗ਼ਲ' ਨਾਂ ਲੈਣ ਜੋਗਾ ਵੀ ਕਿਤੇ ਨਜ਼ਰ ਨਹੀਂ ਆ ਰਿਹਾ। ਇਸ ਦੇ ਉਲਟ, ਜਿਸ ਗੁਰੂ ਗੋਬਿੰਦ ਸਿਘ ਨੂੰ ਉਨ੍ਹਾਂ ਦੇ ਮਾਪਿਆਂ ਤੇ ਬੱਚਿਆਂ ਸਮੇਤ ਇਸ ਲਈ ਮਾਰ-ਮੁਕਾ ਦਿੱਤਾ ਗਿਆ ਕਿ 'ਨਾ ਰਹੇਗਾ ਬਾਂਸ,

ਨਾ ਬਜੇਗੀ ਬਾਂਸਰੀ', ਉਨ੍ਹਾਂ ਦੇ ਨਾਮਲੇਵੇ, ਉਨ੍ਹਾਂ ਦੇ ਨਾਂ-ਰੂਪ ਤੇ ਸਪਿਰਿਟ ਦੇ ਧਾਰਨੀ ਦੁਨੀਆਂ ਦੇ ਹਰ ਕੋਨੇ ਵਿਚ ਅਜੇ ਤਕ ਮੌਜੂਦ ਹਨ ; ਅਤੇ ਕੇਵਲ ਹਿੰਦੁਸਤਾਨ ਵਿਚ ਹੀ ਨਹੀਂ, ਧਰਤੀ ਦੇ ਸਭ ਹਿੱਸਿਆਂ ਵਿਚ ਉਨ੍ਹਾਂ ਦੀ ਤਿੰਨ-ਸੌਵੀਂ ਵਰ੍ਹੇਗੰਢ ਮਨਾਉਣ ਲਈ ਉਮਕ ਰਹੇ ਹਨ ; ਅਤੇ ਉਨ੍ਹਾਂ ਦੇ ਪਿਛਲੇ ਵਰ੍ਹੇ ਵਲੋਂ ਤੋਂ ਮੁੜੇ ਸ਼ਸਤਰਾਂ ਨੂੰ ਤੱਕਣ ਤੇ ਚੁੰਮਣ ਲਈ ਉਮਡ ਰਹੇ ਹਨ । ਇਸ ਆਖ਼ਰਾਂ ਦੇ ਚਾਅ ਪਿਛੇ ਵੀ ਜਿਹੜੀ ਪ੍ਰਬੱਲ ਭਾਵਨਾ ਕੰਮ ਕਰ ਰਹੀ ਹੈ, ਉਹ ਉਹੀਓ ਸਪਿਰਿਟ ਹੈ ਜਿਸ ਨੂੰ ਮੈਂ ਅਤਿ ਦਰਜੇ ਦੀ 'ਚੜ੍ਹਦੀ-ਕਲਾ' (highest spirits) ਆਖਦਾ ਹਾਂ।

ਗੁਰੂ ਗੋਬਿੰਦ ਸਿੰਘ ਨੇ ਇਸੇ ਦਾ ਭਰਵਾਂ ਛੱਟਾ ਮਾਰ ਕੇ, ਅਜ ਤੋਂ ਪੌਣੇ ਤਿੰਨ ਸੌ ਵਰ੍ਹੇ ਪਹਿਲਾਂ, ਹਰ ਪਰਕਾਰ ਦੀ ਗ਼ੁਲਾਮੀ ਵਿਚ ਗੜੂੰਦ ਹਿੰਦੁਸਤਾਨ ਨੂੰ ਹੂਣ ਜਗਾਇਆ ; ਫਿਰ ਇਸ ਨੂੰ ਜਾਗਦਾ ਤੇ ਚੜ੍ਹਦੀ-ਕਲਾ ਵਿਚ ਵਿਚਰਦਾ ਰਖਣ ਲਈ ਭਰ-ਜਵਾਨੀ ਵਿਚ ਸਰਬੰਸ ਸਮੇਤ, ਆਪਣੀ ਆਹੂਤੀ ਪਾ ਦਿੱਤੀ । ਉਨ੍ਹਾਂ ਦੇ ਬਲੀਦਾਨ-ਤੋਂ-ਬਾਅਦ-ਦਾ ਹਿੰਦੁਸਤਾਨ, ਉਨ੍ਹਾਂ ਦੇ ਆਗਮਨ-ਵੇਲੇ-ਦਾ ਹਿੰਦੁਸਤਾਨ ਨਾ ਰਿਹਾ । ਉਹਦੀ ਹਰ ਨੁਕਰ ਤੋਂ ਹਰ ਤਰ੍ਹਾਂ ਦੀ ਆਜ਼ਾਦੀ (ਰਾਜਨੀਤਿਕ, ਸਮਾਜਿਕ, ਆਰਥਿਕ, ਮਾਨਸਿਕ, ਸਭਿਆ-ਚਾਰਿਕ) ਦੇ ਨਾਅਰੇ ਗੂੰਜ ਉੱਠੇ । ਉਨ੍ਹਾਂ ਨਾਅਰਿਆਂ ਵਿਚ ਗੁਰੂ ਗੋਬਿੰਦ ਸਿੰਘ ਦੀ ਰੂਹ ਬੋਲ ਰਹੀ ਸੀ — ਉਸ 'ਮਰਦ-ਅਗੰਮੜੇ' ਦੀ ਰੂਹ ਜਿਸ ਨੇ ਆਪਣੇ ਪਵਿੱਤਰ ਜੀਵਨ, ਦੂਰ-ਦ੍ਰਿਸ਼ਟੀ ਤੇ ਬੇਮਿਸਾਲ ਕੁਰਬਾਨੀ ਨਾਲ, ਉਲਟੀ ਗੰਗਾ ਵਗਾ ਦਿੱਤੀ ; ਜਿਸ ਨੇ ਸਦੀਆਂ ਦੇ ਇਤਿਹਾਸ ਦਾ ਵੇਗ ਹੀ ਮੋੜ ਦਿੱਤਾ ; ਜਿਸ ਨੇ, ਸੱਚੀਂ, ਜ਼ਮਾਨੇ ਨੂੰ ਹੀ ਬਦਲ ਕੇ ਰਖ ਦਿੱਤਾ । ਠੀਕ ਹੈ :

سنتے ہیں کہ تقدیر بدل دیتا ہے زمانہ
مرد وہ ہیں جو زمانے کو بدل دیتے ہیں

[ਸਨਤੇ ਹੈਂ ਕਿ ਤਕਦੀਰ ਬਦਲ ਦੇਤਾ ਹੈ ਜ਼ਮਾਨਾ,
ਮਰਦ ਵੁਹ ਹੈਂ, ਜੋ ਜ਼ਮਾਨੇ ਕੋ ਬਦਲ ਦੇਤੇ ਹੈਂ ]

ਗੁਰੂ ਗੋਬਿੰਦ ਸਿੰਘ ਦੀ ਜਗਾਈ ਉਹ ਜੋਤ ਅਜੇ ਤਕ ਜਗ ਰਹੀ ਹੈ ; ਉਨ੍ਹਾਂ ਦੀ ਚੜ੍ਹਦੀ-ਕਲਾ ਵਾਲੀ ਸਪਿਰਿਟ ਅਜੇ ਤਕ ਪ੍ਰਜੱਵਲਤ ਹੈ ।

ਇਸੇ ਨੇ, ਉਨ੍ਹਾਂ ਦੇ ਅੱਖਾਂ ਮੀਟਦੇ ਹੀ, ਸਰਹਿੰਦ ਦੀ ਇੱਟ ਨਾਲ ਇੱਟ ਵਜਾਈ; ਮੁਗ਼ਲ-ਸਾਮਰਾਜ ਦਾ ਸਫ਼ਾਇਆ ਕੀਤਾ ਅਤੇ ਕੁਝ ਦਹਾਕਿਆਂ ਵਿਚ ਹੀ ਗੁਰੂ ਗੋਬਿੰਦ ਸਿੰਘ ਦੇ ਖ਼ਾਲਸਈ ਪਰਚਮ ਨੂੰ ਖ਼ੈਬਰ ਉਤੇ ਜਾ ਝੁਲਾਇਆ । ਇਸੇ ਨੇ ਹੀ ਸਾਡੇ ਵੇਖਦੇ-ਵੇਖਦੇ, ਪਿਛਲੇਰੇ ਵਰ੍ਹੇ, ਪੈਟਨ ਟੈਂਕਾਂ ਦੇ ਮੂੰਹ ਮੋੜੇ, ਅਤੇ ਦੇਸ਼-ਕੌਮ ਦੀ ਅਣਖ਼ ਨੂੰ ਬਚਾਉਣ ਲਈ ਅਜਿਹੇ ਚਮਤਕਾਰ ਵਿਖਾਏ ਕਿ ਵੈਰੀ ਤਾਂ ਕੀ, ਵੇਖਣ-ਸੁਣਨ ਵਾਲੇ ਵੀ ਦੰਗ ਰਹਿ ਗਏ । ਅਸਲ ਵਿਚ ਕੰਨਿਘਮ ਨੇ, ਅਜ ਤੋਂ ਸਵਾ ਕੁ ਸੌ ਵਰ੍ਹਾ ਪਹਿਲਾਂ, ਜੋ ਕੁਝ ਆਖਿਆ, ਉਹ ਇੰਨ-ਬਿੰਨ ਅਜ ਤਕ ਠੀਕ ਹੈ :

A living spirit possesses the whole Sikh people, and the impress of Gobiud has not only elevated and altered the constitution of their minds but has operated materially and given amplitude to their physical frames. The features and external form of a whole people have been modified........"[1] ।

ਇਸੇ ਲਈ ਮੇਰਾ ਨਿਸ਼ਚਾ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਨਾਮਲੇਵਾ, ਜਦੋਂ ਤਕ ਉਨ੍ਹਾਂ ਦੇ ਬਖ਼ਸ਼ੇ ਹੋਏ ਨਾਂ-ਰੂਪ ਤੇ ਸਪਿਰਿਟ ਨੂੰ ਸੰਭਾਲ ਰਖਣਗੇ ; ਜਦੋਂ ਤਕ ਉਹ ਆਪਣੀ ਨਿੱਤ-ਅਰਦਾਸ ਵਿਚ "ਚੜ੍ਹਦੀ-ਕਲਾ" ਦੀ ਦਾਤ ਤੇ "ਸਰਬਤ ਦਾ ਭਲਾ" ਦੀ ਖ਼ੈਰ ਮੰਗਦੇ ਰਹਿਣਗੇ ; ਉਹ ਕੇਵਲ ਆਪ ਹੀ ਨਹੀਂ, ਉਨ੍ਹਾਂ ਦਾ ਦੇਸ਼ ਵੀ ਚੜ੍ਹਦੀ-ਕਲਾ ਵਿਚ ਰਹੇਗਾ ; ਅਤੇ ਉਨ੍ਹਾਂ ਦੇ ਦੇਸ਼-ਕੌਮ ਦੀ ਚੜ੍ਹਦੀ-ਕਲਾ ਸਮੁੱਚੀ ਮਨੁੱਖਤਾ ਦੀ ਚੜ੍ਹਦੀ-ਕਲਾ ਲਈ ਵੀ, ਭਰਪੂਰ ਪਰੇਰਨਾ ਦਾ ਸੋਮਾ ਬਣੀ ਰਹੇਗੀ।

ਨਾਨਕ ਨਾਮ ਚੜ੍ਹਦੀ ਕਲਾ ;
ਤੇਰੇ ਭਾਣੇ ਸਰਬਤ ਕਾ ਭਲਾ ।

੧੧ ਜਨਵਰੀ, ੧੯੬੭

ਹਰਨਾਮ ਸਿੰਘ ਸ਼ਾਨ(ਡਾ.)
੭-ਐਫ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

---

[1]Cunningham, J.D., *History of the Sikhs*, from the origin of the nation to the battles of the Sutlej, London, 1849, p. 84.

## ਪੁਸਤਕ-ਸੂਚੀ

## (Bibliography)

ਮੈਂ ਉਨ੍ਹਾਂ ਸਭ ਪੁਸਤਕਾਂ ਦੇ ਲੇਖਕਾਂ ਤੇ ਪਰਕਾਸ਼ਕਾਂ ਦਾ ਦਿਲੋਂ ਰਿਣੀ ਹਾਂ ਜਿਨ੍ਹਾਂ ਦੀ ਸਹਾਇਤਾ ਨਾਲ ਮੈਂ ਇਹ ਤਿਲ-ਫੁਲ ਤਿਆਰ ਕਰ ਸਕਿਆ ਹਾਂ । ਇਨ੍ਹਾਂ ਵਿੱਚੋਂ ਕੁਝ ਵਿਸ਼ੇਸ਼ ਕਿਰਤਾਂ ਦੇ ਨਾਂ-ਥਾਂ ਨਿਮਨ-ਲਿਖਤ ਹਨ :

### ੧

### ਪੰਜਾਬੀ


੧. ਸੁੱਖਾ ਸਿੰਘ, ਭਾਈ : **ਗੁਰ ਬਿਲਾਸ ਦਸਵੀਂ ਪਾਦਸ਼ਾਹੀ** (ਮਿਤੀ ੧੭੯੭ ਈ.) ਰਾਮਚੰਦ ਮਾਨਕਟਾਲਾ ਛਾਪ, ਲਾਹੌਰ, ਸੰਮਤ ੧੯੫੨ ।

੨. ਸੇਵਾ ਦਾਸ : **ਪਰਚੀਆਂ**, ਹੱਥ-ਲਿਖਤ, ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ।

੩. ਸੈਨਾ ਪਤੀ : **ਸ੍ਰੀ ਗੁਰ ਸੋਭਾ**, ਅੰਮ੍ਰਿਤਸਰ, ੧੯੨੫ ।

੪. ਸੰਤੋਖ ਸਿੰਘ, ਭਾਈ : **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਸੰਪਾਦਿਤ ਡਾ. ਭਾਈ ਵੀਰ ਸਿੰਘ, ਅੰਮ੍ਰਿਤਸਰ, ੧੯੩੧.

੫. ਕਾਨ੍ਹ ਸਿੰਘ, ਭਾਈ : **ਗੁਰੁਸ਼ਬਦ ਰਤਨਾਕਰ ਮਹਾਨਕੋਸ਼**, ਦੂਜੀ ਛਾਪ, ਪਟਿਆਲਾ, ੧੯੬੦.

੬. ਗਿਆਨ ਸਿੰਘ, ਗਿਆਨੀ : **ਤਵਾਰੀਖ਼ ਗੁਰੂ ਖ਼ਾਲਸਾ**, ਖ਼ਾਲਸਾ ਟ੍ਰੈਕਟ ਸੁਸਾਇਟੀ ਦੀ ਛਾਪ, ਅੰਮ੍ਰਿਤਸਰ ।

੭. **ਪੰਥ ਪ੍ਰਕਾਸ਼**, ਚਤਰ ਸਿੰਘ-ਜੀਵਨ ਸਿੰਘ ਛਾਪ, ਅੰਮ੍ਰਿਤਸਰ, ੧੯੨੩.

੮. ਗੋਬਿੰਦ ਸਿੰਘ, ਗੁਰੂ : **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਮ** ਪਾਤਸ਼ਾਹੀ, ਮੁਫ਼ੀਦ ਆਮ ਪ੍ਰੈਸ ਛਾਪ, ਲਾਹੌਰ, ੧੯੧੩ ।

੯. ਰਣ ਸਿੰਘ, ਡਾ. : **ਦਸ਼ਮੇਸ਼ ਗ੍ਰੰਥ ਨਿਰਣਯ**, ਦੂਜੀ ਵਾਰ, ਅੰਮ੍ਰਿਤਸਰ, ੪੬੦ ਖ਼ਾ.

੧੦. ਰਤਨ ਸਿੰਘ, ਭੰਗੂ : **ਪ੍ਰਾਚੀਨ ਪੰਥ ਪ੍ਰਕਾਸ਼**, ਸੰਪਾਦਿਤ ਭਾਈ ਵੀਰ ਸਿੰਘ, ਅੰਮ੍ਰਿਤਸਰ, ਤੀਜੀ ਛਾਪ, ੧੯੫੨ ।


### 2

### PERSIAN & URDU


11. Bute Shah (Ghulam Muhayy-ud-Din) : *Twarikh-i-Panjab*, Ms. dated 1842 A.D.

12. Gobind Singh, Guru ; *Zafarnama* and *Fatehnama*, as preserved in the National Library, Paris.

13. Jahangir, Nur-ud-Din, Badshah : *Tuzuk-i-Jahangiri*, Nawal Kishore Press, Lakhnow.

14. Kanhaiya Lal, R. B. ; *Twarikh-i-Panjab*, Lahore, 1881.

15. Khafi Khan, Mohammad Hashim ; *Muntakhib-ul-Lubab* dated 1722 A. D., Asiatic Society of Bengal, Calcutta, 1874.

16. Nand Lal, Bhai ; *Diwan-i-Goya*, Tehran, 1963.

17. Sohan Lal, Suri ; *Umdat-ut-Twarikh*, Lahore, 1880.


## 3

## ENGLISH

18. Archer, J. C.: *The Sikhs*, Princeton, 1946.

19. Attar Singh, Sir. *Sakhi Book*, Benares, 1873.

20. Banerjee, Indubhushan: *Evolution of the Khalsa*, Calcutta, 1947.

21. Cunningham, J, D.: *History of the Sikhs, from the origin of the Nation to the battles of the Sutlej*, London, 1849.

22. Elliot, H. M. & Dowson, J.: *History of India as told by its own Historians*, London, 1867-77.

23. Kartar Singh, Prof.: *Life of Guru Gobind Singh*, 2nd. ed. Ludhiana, 1951.

24. Khushwant Singh: *History of the Sikhs*, Princeton, 1963.

25. Lakshman Singh, Bhagat: *Short-sketch of the life and work of Guru Gobind Singh*, Lahore, 1909.

26. Latif, Sayyed Mohammad: *History of the Panjab*, Calcutta, 1891.

27. Macauliffe, M.A.: *The Sikh Religion: Its Gurus, Sacred Writings and Authors*, Oxford, 1909.

28. Sarkar, Jadu Nath, Sir: *History of Aurangzib*, Calcutta, 1924-35.

29. *Fall of the Mughal Empire*, Calcutta, 1934-49

30. Swami, D. T.: *The Menace of Hindu Imperialism*, Lahore, 1941.

31. Teja Singh, Principal: *Growth of Responsibility in Sikhism*, Lahore, 1928.

32. Teja Singh, Principal & Ganda Singh, Dr., *A short History of the Sikhs*, Bombay, 1950.


INDIAN INSTITUTE OF ADVANCED STUDY
Acc. No. 19318
Date 3.7.67
SIMLA

INDIAN INSTITUTE OF ADVANCED STUDY

Acc. No. ______________

Author : ______________

Title : ______________

| Borrower | Issued | Returned |
| --- | --- | --- |

Library IIAS, Shimla
P 294.553 61 H 229 G
00019318

ਮਨਜੀਤ ਪ੍ਰਿੰਟਿੰਗ ਐਂਡ ਪਬਲਿਸ਼ਿੰਗ ਕੰਪਨੀ
੧੭੧, ਇੰਡਸਟਰੀਅਲ ਏਰੀਆ ਚੰਡੀਗੜ੍ਹ
ਟੈਲੀਫ਼ੂਨ ਨੰ: ੨੫੨ ।